ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸੋਮਵਾਰ, 12 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੩੦ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਵੜਿੰਗ ਨੇ ਇਕੱਲੇ ਚੋਣਾਂ ਲੜਨ ਦਾ ਠੋਕਿਆ ਦਾਅਵਾ, ਬਾਜਵਾ ਨੇ ਖੜਗੇ ਅੱਗੇ ਰੱਖੀਆਂ 3 ਮੰਗਾਂ

**ਚੰਡੀਗੜ੍ਹ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਆਲ ਇੰਡੀਆ ਕਾਂਗਰਸ ਕਮੇਟੀ (1933) ਦੇ ਰਾਸ਼ਟਰੀ ਪ੍ਰਧਾਨ ਬਣਨ



ਤੋਂ ਬਾਅਦ ਮਲਿਕਾਅਰਜੁਨ ਖੜਗੇ ਪਹਿਲੀ ਵਾਰ ਰੈਲੀ ਲਈ ਪੰਜਾਬ ਦੇ ਲੁਧਿਆਣਾ ਪਹੁੰਚੇ ਹਨ। ਸੂਬਾਈ ਆਗੂਆਂ ਤੋਂ ਇਲਾਵਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੰਚਾਰਜ ਦੇਵੇਂਦਰ ਯਾਦਵ ਕੋਲ ਵੀ ਆਪਣੀ ਤਾਕਤ ਦਿਖਾਉਣ ਦਾ ਮੌਕਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇੱਕ ਵਾਰ ਫਿਰ ਪਾਰਟੀ ਪ੍ਰੋਗਰਾਮ ਤੋਂ ਦੂਰੀ ਬਣਾ ਲਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ- ਜਦੋਂ ਉਨ੍ਹਾਂ ਨੂੰ ਕਮਾਨ ਸੌਂਪੀ ਗਈ ਸੀ ਤਾਂ ਕਾਂਗਰਸ 80 ਸੀਟਾਂ ਤੋਂ ਘੱਟ ਕੇ 18 ਸੀਟਾਂ 'ਤੇ ਆ ਗਈ ਸੀ। ਪੰਜਾਬ 'ਚ ਹਾਰ ਕਾਰਨ ਉਨ੍ਹਾਂ ਨੂੰ ਚਿੰਤਾ ਸੀ ਕਿ ਕਾਂਗਰਸ ਦਾ ਕੀ ਬਣੇਗਾ। ਹੁਣ ਸਟੇਜ 'ਤੇ ਮੌਜੂਦ ਆਗੂਆਂ ਨੇ ਮੁੜ ਕਾਂਗਰਸ ਨੂੰ ਖੜਾ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਨੂੰ ਬਿਨਾਂ ਸ਼ੱਕ ਉਮੀਦਵਾਰ ਦਾ ਐਲਾਨ ਕਰਨਾ ਚਾਹੀਦਾ ਹੈ। ਕਾਂਗਰਸ 13 'ਚੋਂ 13 ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਭਾਜਪਾ ਅਕਾਲੀ ਦਲ ਨਾਲ ਮਿਲ ਕੇ ਚੋਣ ਲੜ ਰਹੀ ਹੈ, ਸਮਝੌਤਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਦਾ ਮਸਲਾ ਕਿੱਥੇ ਹੈ, ਚੰਡੀਗੜ੍ਹ ਦਾ ਮਸਲਾ ਕਿੱਥੇ ਹੈ?

## ਦਿੱਲੀ ਕੂਚ ਤੋਂ ਪਹਿਲਾਂ ਪੁਲਿਸ ਦੀ ਕਾਰਵਾਈ

# ਰਾਜਧਾਨੀ 'ਚ ਲਾਈ ਧਾਰਾ 144

**ਨਵੀਂ ਦਿੱਲੀ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨਾਂ ਵੱਲੋਂ 13 ਫਰਵਰੀ ਨੂੰ ਦਿੱਲੀ ਕੂਚ ਦੇ ਦਿੱਤੇ ਸੱਦੇ ਕਾਰਨ ਦਿੱਲੀ ਤੋਂ ਹਰਿਆਣਾ ਤੱਕ ਅੰਦੋਲਨ ਤੇਜ਼ ਹੋ ਗਿਆ ਹੈ। ਕਿਸਾਨਾਂ ਦੇ ਇੱਕ ਹੋਰ ਅੰਦੋਲਨ ਦੀਆਂ ਤਿਆਰੀਆਂ ਨੇ ਸੁਰੱਖਿਆ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ। ਸਥਿਤੀ ਦੇ ਮੱਦੇਨਜ਼ਰ ਦਿੱਲੀ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਹਰਿਆਣਾ ਨਾਲ ਲੱਗਦੀਆਂ ਸਰਹੱਦਾਂ 'ਤੇ ਬੈਰੀਕੇਡਿੰਗ ਕਰਨ ਦੇ ਨਾਲ-ਨਾਲ ਪੁਲਿਸ ਵੀ ਭਾਰੀ ਬਲ ਤਾਇਨਾਤ ਕਰਨ ਦੀ ਤਿਆਰੀ ਕਰ ਰਹੀ ਹੈ। ਕਿਸਾਨ ਜਥੇਬੰਦੀਆਂ ਵੱਲੋਂ 13 ਫਰਵਰੀ ਨੂੰ ਰਾਜਧਾਨੀ ਵੱਲ ਮਾਰਚ ਕਰਨ ਦੇ ਸੱਦੇ ਦੌਰਾਨ ਟਿੱਕਰੀ ਸਰਹੱਦ ਨੇੜੇ ਸੁਰੱਖਿਆ ਵਧਾ ਦਿੱਤੀ ਗਈ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਦਿੱਲੀ ਦੇ ਸਿੰਘੂ ਬਾਰਡਰ 'ਤੇ ਪੁਲਿਸ ਅਧਿਕਾਰੀਆਂ ਵੱਲੋਂ ਵੱਡੇ ਕੰਟੇਨਰ, ਸੀਮਿੰਟ ਅਤੇ ਲੋਹੇ ਦੇ ਬੈਰੀਕੇਡ ਅਤੇ ਜਲ ਤੋਪਾਂ ਲਗਾਈਆਂ ਗਈਆਂ ਹਨ। ਜ਼ਿਕਰ ਕਰ ਦਈਏ ਕਿ ਕਿਸਾਨ ਜਥੇਬੰਦੀਆਂ ਨੇ 13 ਫਰਵਰੀ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਅਤੇ ਹੋਰ ਮੰਗਾਂ ਨੂੰ ਲੈ ਕੇ ਦਿੱਲੀ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ ਹੈ। ਕਿਸਾਨਾਂ ਵੱਲੋਂ ਮੰਗਾਂ ਪੂਰੀਆਂ ਹੋਣ ਤੱਕ ਦਿੱਲੀ ਬਾਰਡਰ 'ਤੇ ਧਰਨਾ ਦੇਣ ਦੀ ਸੰਭਾਵਨਾ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਅਤੇ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ, ਖੇਤਰ ਵਿੱਚ ਜਾਨ-ਮਾਲ ਨੂੰ ਬਚਾਉਣ ਲਈ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਐਮਐਸਪੀ ਲਈ ਕਾਨੂੰਨੀ ਗਾਰੰਟੀ ਤੋਂ ਇਲਾਵਾ ਯੂਪੀ, ਪੰਜਾਬ ਅਤੇ ਹਰਿਆਣਾ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਕਿਸਾਨ ਕਰਜ਼ਾ ਮੁਆਫ਼ੀ, ਪੁਲਿਸ ਕੇਸ ਵਾਪਸ ਲੈਣ ਅਤੇ ਲਖੀਮਪੁਰ ਖੇੜੀ ਹਿੰਸਾ ਦੇ ਪੀੜਤਾਂ ਲਈ ਇਨਸਾਫ ਦੀ ਮੰਗ ਕਰ ਰਹੇ ਹਨ। ਇਸ ਦੇ ਲਈ 13 ਫਰਵਰੀ ਨੂੰ ਇੱਕ ਹੋਰ ਧਰਨੇ ਦਾ ਸੱਦਾ ਦਿੱਤਾ ਗਿਆ ਹੈ। ਜ਼ਿਕਰ ਕਰ ਦਈਏ ਕਿ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਗਾਰੰਟੀ ਵਾਲੇ ਕਾਨੂੰਨ ਦੀ ਮੰਗ ਉਨ੍ਹਾਂ ਸ਼ਰਤਾਂ ਵਿੱਚੋਂ ਇੱਕ ਹੈ ਜੋ ਕਿਸਾਨਾਂ ਨੇ 2021 ਵਿੱਚ ਖੇਤੀ ਕਾਨੂੰਨਾਂ ਵਿਰੁੱਧ ਆਪਣੇ ਅੰਦੋਲਨ ਨੂੰ ਵਾਪਸ ਲੈਣ ਲਈ ਸਹਿਮਤੀ ਦੇਣ ਸਮੇਂ ਰੱਖੀ ਸੀ। **(ਫਾਈਲ ਫੋਟੋ)**



## 'ਪੁਲਿਸ ਤੇ ਸਰਕਾਰ ਜੋ ਵੀ ਰੋਕਾਂ ਲਾ ਲਵੇ ਸਭ ਤੋੜ ਕੇ ਦਿੱਲੀ ਚੜ੍ਹਾਈ ਕਰਨਗੇ ਕਿਸਾਨਾਂ ਦੇ ਟਰੈਕਟਰ'

**ਨਵੀਂ ਦਿੱਲੀ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਕੂਚ ਨੂੰ ਲੈ ਕੇ ਪੂਰੀਆਂ ਤਿਆਰੀਆਂ ਕੀਤੀਆਂਏ ਜਾ ਰਹੀਆਂ ਹਨ। ਇਸ ਸਬੰਧੀ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਰਕਾਰ ਦੀਆਂ ਰੋਕਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ ਉਹ ਟਰੈਕਟਰ ਟਰਾਲੀਆਂ ਲੈ ਕੇ ਦਿੱਲੀ ਜਾਣਗੇ। ਕਿਸਾਨ ਜਥੇਬੰਦੀਆਂ ਦੇ ਸੂਬਾਈ ਆਗੂਆਂ ਕਾਕਾ ਸਿੰਘ ਕੋਟੜਾ, ਸੁਰਜੀਤ ਸਿੰਘ ਫੂਲ ਅਤੇ ਅਭਿਮਨਿਊ ਕੋਹਾੜ ਨੇ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਤੇ ਦਿੱਲੀ ਜਾਣ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਜ਼ਿਕਰ ਕਰ ਦਈਏ ਕਿ ਕਿਸਾਨਾਂ ਨੇ ਮੰਗਾਂ ਨੂੰ ਲੈ ਕੇ 13 ਫਰਵਰੀ ਨੂੰ ਦਿੱਲੀ ਜਾਣ ਨੂੰ ਲੈ ਤਿਆਰੀਆਂ ਮੁਕੰਮਲ ਕਰ ਰਹੀਆਂ ਹਨ। ਇਸ ਬਾਬਤ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੀਨੀਅਰ ਆਗੂ ਕਾਕਾ ਸਿੰਘ ਕੋਟੜਾ ਨੇ ਦੱਸਿਆ ਕਿ ਗੈਰ ਸਿਆਸੀ ਯੂਨਾਈਟਿਡ ਕਿਸਾਨ ਮੋਰਚਾ ਅਤੇ ਪੰਜਾਬ ਦੀਆਂ 26 ਕਿਸਾਨ ਜਥੇਬੰਦੀਆਂ ਦੇ ਫਾਰਮਾ ਵੱਲੋਂ ਦਿੱਲੀ ਜਾਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਵੱਲ ਕੂਚ ਕਰਨਗੇ ਤੇ ਸਰਕਾਰ ਤੋਂ ਆਪਣੀ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਰੋਕਣ ਲਾਈਆਂ ਗਈਆਂ ਰੋਕਾਂ ਨੂੰ ਤੋੜ ਕੇ ਉਹ ਦਿੱਲੀ ਪਹੁੰਚਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਤਿਆਰੀਆਂ ਉਨ੍ਹਾਂ ਨੂੰ ਰੋਕ ਨਹੀਂ ਸਕਦੀਆਂ।

## ਚੰਗੇ ਭਵਿੱਖ ਦੀ ਚਾਹਤ ਰੱਖ ਨੌਜਵਾਨ ਵਿਦੇਸ਼ਾਂ ਨੂੰ ਕਰ ਰਹੇ ਕੂਚ, ਪੰਜਾਬ 'ਚ ਅਨੇਕਾਂ ਘਰਾਂ ਤੇ ਕੋਠੀਆਂ ਨੂੰ ਲੱਗੇ ਜ਼ਿੰਦਰੇ

**ਗੁਰਦਾਸਪੁਰ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਕੁਝ ਨਾ ਬਣਦਾ ਵੇਖ ਨੌਜਵਾਨਾਂ



ਨੇ ਆਪਣੇ ਚੰਗੇ ਭਵਿੱਖ ਦੀ ਕਾਮਨਾ ਨੂੰ ਲੈ ਕੇ ਵਿਦੇਸ਼ਾਂ ਵੱਲ ਰੁਖ ਕੀਤਾ ਹੋਇਆ ਹੈ। ਅੱਜ ਅਨਪੜ੍ਹ ਅਤੇ ਪੜ੍ਹਿਆਂ ਲਿਖਿਆ ਨੌਜਵਾਨ ਵਰਗ ਆਪਣੇ ਦੇਸ਼ ਨੂੰ ਛੱਡ ਕੇ ਵਿਦੇਸ਼ ਜਾਣ ਨੂੰ ਆਪਣਾ ਸੁਪਨਾ ਬਣਾ ਚੁੱਕਾ ਹੈ। ਕੈਨੇਡਾ, ਅਮਰੀਕਾ, ਆਸਟ੍ਰੇਲੀਆਂ, ਨਿਊਜ਼ੀਲੈਂਡ, ਕੁਵੈਤ, ਦੁਬਈ, ਲੋਹਾ ਕਤਰ ਸਮੇਤ ਯੂਰਪ ਵਰਗੇ ਦੇਸ਼ਾਂ ਵਿਚ ਜਾਣ ਵਾਲੇ ਇਹ ਨੌਜਵਾਨ ਆਪਣੇ ਦੇਸ਼ ਅਤੇ ਪੰਜਾਬ ਤੋਂ ਨਿਰਾਸ਼ਾ ਹੋ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ ਪਰ ਜਿਸ ਤਰ੍ਹਾਂ ਨਾਲ ਇਹ ਨੌਜਵਾਨ ਵਰਗ ਆਪਣੇ ਦੇਸ਼ 'ਚ ਬੇਰੋਜ਼ਗਾਰੀ ਤੋਂ ਤੰਗ ਹੋ ਕੇ ਦੇਸ਼ ਛੱਡ ਰਹੇ ਹਨ, ਉਹ ਸਮਾਂ ਦੂਰ ਨਹੀਂ ਜਦੋਂ ਇਹ ਦੇਸ਼ ਅਤੇ ਪੰਜਾਬ ਬੁੱਢਿਆਂ ਦਾ ਦੇਸ਼ ਕਿਹਾ ਜਾਵੇਗਾ, ਕਿਉਂਕਿ ਅੱਜ ਵੀ ਪੰਜਾਬ ਸਮੇਤ ਬਹੁਤ ਸਾਰੇ ਸੂਬੇ ਹਨ, ਜਿੱਥੇ ਕਈ ਕਈ ਪਿੰਡਾਂ ਦੇ ਪੂਰੇ ਪਰਿਵਾਰ ਵਿਦੇਸ਼ਾਂ 'ਚ ਜਾ ਕੇ ਪੱਕੇ ਹੋ ਚੁੱਕੇ ਹਨ। ਜੇਕਰ ਜ਼ਿਲ੍ਹਾ ਗੁਰਦਾਸਪੁਰ ਦੀ ਗੱਲ ਕਰੀਏ ਤਾਂ ਜ਼ਿਲ੍ਹੇ ਦੇ ਕਈ ਅਜਿਹੇ ਪਿੰਡ ਹਨ, ਜਿੱਥੋਂ ਹਰ ਪਰਿਵਾਰ ਦੇ 3-4 ਪਰਿਵਾਰਕ ਮੈਂਬਰ ਜਾਂ ਪੂਰਾ ਪਰਿਵਾਰ ਵਿਦੇਸ਼ਾਂ 'ਚ ਜਾ ਕੇ ਪੱਕੇ ਹੋ ਚੁੱਕੇ ਹਨ, ਜਿਸ ਕਾਰਨ ਕਈ ਘਰਾਂ ਦੀਆਂ ਕੋਠੀਆਂ ਨੂੰ ਜ਼ਿੰਦਰੇ ਤੱਕ ਲੱਗ ਚੁੱਕੇ ਹਨ। ਵਿਦੇਸ਼ ਦੀ ਚਾਹਤ ਨੇ ਤਾਂ ਕਈਆਂ ਨੂੰ ਮਾਲੋਮਾਲ ਕਰ ਦਿੱਤਾ ਹੈ ਅਤੇ ਕਈਆਂ ਨੂੰ ਕਰਜ਼ਾਈ ਕਰ ਦਿੱਤਾ। ਇਸ ਤਰ੍ਹਾਂ ਨਾਲ ਰੋਜ਼ਾਨਾਂ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਭੇਜ ਰਹੇ ਹਨ, ਉਸ ਨਾਲ ਇੰਝ ਲੱਗਦਾ ਹੈ ਕਿ ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਬੁੱਢਿਆਂ ਦਾ ਸੂਬਾ ਵੱਜਣ ਲੱਗ ਪਵੇਗਾ। ਹਰੇਕ ਨੌਜਵਾਨ ਮੁੰਡਾ-ਕੁੜੀ ਹੁਣ ਬਾਰ੍ਹਵੀਂ ਤੋਂ ਬਾਅਦ ਆਈਲੈਟਸ ਕਰਨੀ ਸ਼ੁਰੂ ਕਰ ਦਿੰਦਾ ਹੈ ਤੇ ਪੰਜਾਬ ਨੂੰ ਅਲਵਿਦਾ ਆਖ ਵਿਦੇਸ਼ ਉਡਾਰੀ ਮਾਰ ਜਾਂਦਾ ਹੈ। ਹਰ ਸਾਲ ਲੱਖਾਂ ਨੌਜਵਾਨ ਪੜ੍ਹਨ ਲਿਖਣ ਤੋਂ ਬਾਅਦ ਰੋਜ਼ਗਾਰ ਪ੍ਰਾਪਤ ਕਰਨ 'ਚ ਲੱਗ ਜਾਂਦੇ ਹਨ। ਦੇਸ਼ ਅੰਦਰ ਬੇਰੋਜ਼ਗਾਰਾਂ ਦੀ ਗਿਣਤੀ ਵਿਚ ਹਰ ਸਾਲ ਵੱਡਾ ਵਾਧਾ ਹੋ ਰਿਹਾ ਹੈ। ਉਨ੍ਹਾਂ ਵਿਚ ਅਨੁਸ਼ਾਸਨਹੀਣਤਾਂ ਅਤੇ ਸਹਿਣਸ਼ੀਲਤਾਂ ਦੀ ਕਮੀ ਆਮ ਵੇਖਣ ਨੂੰ ਮਿਲਦੀ ਹੈ। ਦੇਸ਼ ਵਿਚ ਕੁਝ ਨਾ ਬਣਦਾ ਵੇਖ ਕੇ ਨੌਜਵਾਨ ਵਿਦੇਸ਼ਾਂ ਵੱਲ ਰੁਖ ਕਰ ਜਾਂਦੇ ਹਨ। ਚੰਗੀ ਪੜ੍ਹਾਈ ਕਰਨ ਤੋਂ ਬਾਅਦ ਨੌਕਰੀਆਂ ਲਈ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿਚ ਦਰ ਦਰ ਦੀਆਂ ਠੋਕਰਾਂ ਖਾਣ ਉਪਰੰਤ ਚੰਗੀ ਤਨਖ਼ਾਹ ਨਾ ਮਿਲਣ ਦੇ ਕਾਰਨ ਨੌਜਵਾਨਾਂ ਨੂੰ ਮਜ਼ਬੂਰ ਹੋ ਕੇ ਵਿਦੇਸ਼ਾਂ ਵੱਲ ਰੁਖ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਨੌਜਵਾਨਾਂ ਦਾ ਬਾਹਰਲੇ ਦੇਸ਼ਾਂ ਵੱਲ ਕੂਚ ਕਰਨ ਦਾ ਵੱਡਾ ਕਾਰਨ ਇਹ ਹੈ ਕਿ ਬਾਹਰਲੇ ਦੇਸ਼ਾਂ 'ਚ ਕੰਮ ਕਰਨ ਵਾਲਿਆਂ ਦੀ ਪੂਰੀ ਕਦਰ ਹੈ ਅਤੇ ਉਨ੍ਹਾਂ ਦੀ ਮਿਹਨਤ ਦਾ ਸਹੀਂ ਮੁੱਲ ਉਨ੍ਹਾਂ ਨੂੰ ਮਿਲਦਾ ਹੈ, ਜਿਸ ਕਾਰਨ ਅੱਜ ਨੌਜਵਾਨ ਵਰਗ ਵਿਦੇਸ਼ਾਂ ਵੱਲ ਰੁਖ ਕਰ ਰਿਹਾ ਹੈ।

ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਮਾਨ ਸਰਕਾਰ ਦੀ ਪੰਜਾਬੀਆਂ ਨੂੰ ਇਕ ਹੋਰ ਸੌਗਾਤ, ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ ਹੋਇਆ ਸ਼ੁਰੂ

**ਤਰਨਤਾਰਨ/ਪੱਟੀ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਨੇ



ਅੱਜ ਗੋਇੰਦਵਾਲ ਸਥਿਤ ਖਰੀਦਿਆ ਜੀ. ਵੀ. ਕੇ. ਥਰਮਲ ਪਲਾਂਟ ਅੱਜ ਜਨਤਾ ਦੇ ਸਪੁਰਦ ਕਰ ਦਿੱਤਾ ਹੈ। ਇਸ ਦੌਰਾਨ ਵੱਡੇ ਇਕੱਠੇ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਸਮੇਂ ਸਮੇਂ 'ਤੇ ਸਰਕਾਰਾਂ ਨੇ ਘਾਟੇ ਦਾ ਸੌਦਾ ਦੱਸ ਕੇ ਸਰਕਾਰੀ ਅਦਾਰਿਆਂ ਨੂੰ ਵੇਚਿਆ ਹੀ ਹੈ ਪਰ ਪੰਜਾਬ ਸਰਕਾਰ ਨੇ ਪ੍ਰਾਈਵੇਟ ਅਦਾਰੇ ਨੂੰ ਖਰੀਦ ਕੇ ਉਸ ਦਾ ਨਾਮ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਰੱਖਿਆ ਹੈ ਜੋ ਅੱਜ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ। ਪੰਜਾਬ ਵਿਚ ਪੰਜ ਥਰਮਲ ਪਲਾਂਟ ਹਨ, ਪਹਿਲਾਂ ਸਿਰਫ ਦੋ ਸਰਕਾਰ ਦੇ ਸੀ ਜਦਕਿ ਤਿੰਨ ਪ੍ਰਾਈਵੇਟ ਸੀ ਪਰ ਹੁਣ ਤਿੰਨ ਸਰਕਾਰ ਦੇ ਹੋ ਗਏ ਹਨ ਤੇ ਦੋ ਪ੍ਰਾਈਵੇਟ ਰਹਿ ਗਏ ਹਨ। ਉਨ੍ਹਾਂ ਨੂੰ ਵੀ ਅਸੀਂ ਕਿਹਾ ਹੈ ਜੇ ਗੱਲ ਕਰਨੀ ਹੋਵੇ ਤਾਂ ਦੱਸ ਦਿਓ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ 2015 ਤੋਂ ਬੰਦ ਪਛਵਾੜਾ ਕੋਲਾ ਖਾਨ ਸ਼ੁਰੂ ਕਰਵਾਈ, ਜਿਸ ਸਦਕਾ ਹੁਣ ਪੰਜਾਬ ਕੋਲ ਕੋਲੇ ਦੀ ਕੋਈ ਕਮੀ ਨਹੀਂ ਹੈ। ਮਾਨ ਨੇ ਕਿਹਾ ਕਿ ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ ਚੱਲ ਰਹੀ ਹੈ ਪਰ ਇਹ ਪੰਜਾਬ ਬਚਾਓ ਯਾਤਰਾ ਨਹੀਂ ਸਗੋਂ ਪਰਿਵਾਰ ਬਚਾਓ ਯਾਤਰਾ ਹੈ। ਪਹਿਲਾਂ ਇਹ ਮਜੀਠਾ ਗਏ ਕਿ ਮੇਰਾ ਸਾਲਾ ਬਚਾਓ, ਫਿਰ ਕੈਰੋਂ ਪਿੰਡ ਗਏ ਕਿ ਸਾਡਾ ਜਵਾਈ ਬਚਾਓ, ਫਿਰ ਫਿਰੋਜ਼ਪੁਰ ਗਏ ਕਿ ਮੈਨੂੰ ਬਚਾਓ, ਅੱਜ ਬਠਿੰਡੇ ਗਏ ਹਨ ਕਿ ਮੇਰੀ ਘਰ ਵਾਲੀ ਬਚਾਓ। ਇਸ ਵਿਚ ਪੰਜਾਬ ਕਿੱਥੇ ਹੈ, ਪਹਿਲਾਂ ਹੀ ਬਹੁਤ ਮੁਸ਼ਕਲ ਨਾਲ ਤੁਹਾਡੇ ਤੋਂ ਪੰਜਾਬ ਨੂੰ ਬਚਾਇਆ ਹੈ। ਅਸੀਂ ਬੇਅਦਬੀ ਮਾਮਲਿਆਂ 'ਤੇ ਕਾਰਵਾਈ ਕਰ ਰਹੇ ਹਾਂ, ਇਸ ਲਈ ਭਗਵੰਤ ਮਾਨ ਨੂੰ ਰੋਕਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਪਹਿਲਾਂ ਇਹ 25 ਸਾਲ ਰਾਜ ਕਰਨ ਦੀਆਂ ਗੱਲਾਂ ਕਰਦੇ ਸਨ ਪਰ ਲੋਕਾਂ ਨੂੰ ਟਿੱਚ ਸਮਝਣ ਵਾਲਿਆਂ ਨੂੰ ਅੱਜ ਅਕਲ ਆ ਗਈ ਹੈ। ਹੁਣ ਸੁਖਬੀਰ ਬਾਦਲ ਧਰਤੀ 'ਤੇ ਆ ਗਏ ਹਨ ਜੋ ਪਹਿਲਾਂ 25 ਸਾਲ ਰਾਜ ਕਰਨ ਦੇ ਨਾਅਰੇ ਦਿੰਦੇ ਸੀ। ਲੋਕਾਂ ਨੇ ਹੇਠਾਂ ਲਿਆ ਸੁੱਟਿਆ ਹੈ। 2014 ਵਿਚ ਜਦੋਂ ਮੈਂ ਲੋਕ ਸਭਾ ਚੋਣਾਂ ਵਿਚ ਖੜ੍ਹਾ ਹੋਇਆ ਤਾਂ ਪੋਸਟਰ 'ਤੇ ਮੇਰੀ ਤਸਵੀਰ ਦੇਖ ਕੇ ਸੁਖਦੇਵ ਢੀਂਡਸਾ ਅਤੇ ਵਿਜੇ ਇੰਦਰ ਸਿੰਗਲਾ ਹੱਸਦੇ ਸੀ, ਉਦੋਂ ਮੈਂ ਕਿਹਾ ਕਿ ਜਿੰਨਾ ਮਰਜ਼ੀ ਹੱਸ ਲਵੋ ਪਰ ਰਿਜ਼ਲਟ ਵਾਲੇ ਦਿਨ ਤੁਹਾਨੂੰ ਰੋਣਾ ਪਵੇਗਾ। ਜੋ ਅੱਜ ਤਕ ਹੰਝੂ ਕੇਰ ਰਹੇ ਹਨ। ਲੋਕਾਂ ਨੇ ਬਾਦਲ, ਕੈਪਟਨ ਦੇ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਘਰਾਂ ਵਿਚ ਬਿਠਾ ਦਿੱਤਾ ਹੈ।

ਸਰੀਰ ਦਾ ਮਰ ਜਾਣਾ ਮੌਤ ਨਹੀਂ, ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ

# ਸ਼ਰਧਾਂਜਲੀ



ਆਵਾਜ਼ਿ ਕੌਮ AWAZE QAUM
International Newspaper & WEB TV







ਭਾਈ ਸਮਸ਼ੇਰ ਸਿੰਘ ਭੰਗੂ



ਪ੍ਰਿਤਪਾਲ ਸਿੰਘ ਮਹਿਮਾਂ



ਅਮ੍ਰਿਤਪਾਲ ਸਿੰਘ ਯੂ ਐਸ ਏ



ਰਣਬੀਰ ਸਿੰਘ ਭੰਗੂ



ਨਿਸ਼ਾਨ ਸਿੰਘ ਸਰਪੰਚ



ਗੁਰਪ੍ਰਤਾਪ ਸਿੰਘ ਕਨੇਡਾ



ਗੁਰਜੰਟ ਸਿੰਘ ਨਾਗੋਕੇ



ਪ੍ਰਗਟ ਸਿੰਘ ਯੂ ਕੇ



ਇਕਬਾਲਪ੍ਰੀਤ ਸਿੰਘ ਯੂ ਐਸ ਏ



## ਕੌਮੀ ਯੋਧੇ ਭਾਈ ਦੀਪ ਸਿੰਘ ਸਿੱਧੂ ਨੂੰ ਓਨਾ ਦੀ ਦੂਜੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ਜੀ, ਕੌਮ ਵਿੱਚ ਭਾਈ ਸਾਬ ਵਲੋਂ ਲਿਆਂਦੀ ਜਾਗ੍ਰਿਤੀ ਸਿੱਖ ਇਤਿਹਾਸ ਵਿੱਚ ਨਵੀਆਂ ਪੈੜਾਂ ਪਾ ਦਿੱਤੀਆਂ ਹਨ



ਬਿਕਰਮਜੀਤ ਸਿੰਘ ਵੈਲੀ ਸਕੂਲ

--✶ ਗੁਰੂ ਪੰਥ ਦੇ ਦਾਸ ✶--

## ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ
## ਮੁਖ ਸੇਵਾਦਾਰ ਜੱਥਾ ਠੀਕਰੀਵਾਲ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


# ਸ਼ੇਖਪੁਰਾ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦਾ ਲਾਇਆ ਵਿੱਦਿਅਕ ਟੂਰ





**ਤਲਵੰਡੀ ਸਾਬੋ, 11 ਫਰਵਰੀ (ਗੁਰਜੰਟ ਸਿੰਘ ਨਥੇਹਾ)-** ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਖਪੁਰਾ ਦੇ ਜਮਾਤ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੇ ਸਕੂਲ ਪ੍ਰਿੰਸੀਪਲ ਸ੍ਰੀ ਭੀਮ ਸੈਨ ਜੀ ਦੀ ਯੋਗ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦਾ ਵਿਦਿਅਕ ਟੂਰ ਲਗਾਇਆ। ਮੈਥ ਮਾਸਟਰ ਗਗਨਦੀਪ ਸਿੰਘ ਨੇ ਵਿਦਿਅਕ ਟੂਰ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਉਚੇਰੀ ਸਿੱਖਿਆ, ਰਿਸਰਚ ਸਬੰਧੀ ਸਿੱਖਿਆ ਸਕਿਲ ਡਿਵੈਲਪਮੈਂਟ ਅਤੇ ਸਾਇੰਸ ਟੈਕਨੋਲੋਜੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਯੂਨੀਵਰਸਿਟੀ ਦੇ ਪ੍ਰੋਫੈਸਰ ਸਾਹਿਬਾਨ ਅਤੇ ਸਬੰਧਤ ਕਰਮਚਾਰੀਆਂ ਦੁਆਰਾ ਦਿੱਤੀ ਗਈ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਵਿੱਚ ਵੱਖ-ਵੱਖ ਵਿਭਾਗਾਂ ਅਤੇ ਲੈਬਸ ਨੂੰ ਦਿਖਾਇਆ ਗਿਆ। ਵਿਦਿਆਰਥੀਆਂ ਦੀ ਅਗਵਾਈ ਕਰ ਰਹੇ ਅਧਿਆਪਕ ਵੀਰ ਸਿੰਘ, ਅਮਨਦੀਪ ਸਿੰਘ, ਮੈਡਮ ਕਮਲਦੀਪ ਕੌਰ, ਰਮਨਦੀਪ ਕੌਰ ਅਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਦੁਆਰਾ ਇਸ ਵਿਦਿਅਕ ਟੂਰ ਰਾਹੀਂ ਉਚੇਰੀ ਸਿੱਖਿਆ ਲਈ ਬਹੁਤ ਹੀ ਲਾਭਦਾਇਕ ਜਾਣਕਾਰੀ ਹਾਸਿਲ ਕੀਤੀ ਗਈ ਅਤੇ ਵਿਦਿਆਰਥੀ ਵੱਖ-ਵੱਖ ਵਿਭਾਗਾਂ ਤੋਂ ਲੋੜੀਂਦੀ ਜਾਣਕਾਰੀ ਹਾਸਲ ਕਰਕੇ ਬਹੁਤ ਹੀ ਪ੍ਰਭਾਵਿਤ ਹੋਏ। ਇਹ ਜਾਣਕਾਰੀ ਵਿਦਿਆਰਥੀਆਂ ਦੇ ਭਵਿੱਖ ਵਿੱਚ ਬਹੁਤ ਲਾਹੇਵੰਦ ਸਾਬਿਤ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV





ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI


ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਦੁਸਹਿਰਾ ਸਮਾਗਮ
ਦਮਦਮੀ ਟਕਸਾਲ ਦੇ ਮੁਖੀ
ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ
ਸਤਿਕਾਰਯੋਗ ਮਾਮਾ ਜੀ ਅਤੇ ਸਾਡੇ ਤਾਇਆ ਜੀ
ਸਰਦਾਰ ਕਰਨੈਲ ਸਿੰਘ ਜੀ ਪੰਜੋਖਰਾ ਸਹਿਬ ਵਾਲਿਆਂ
ਦਾ ਦੁਸਹਿਰਾ ਸਮਾਗਮ
ਗੁ: ਸ਼੍ਰੀ ਪੰਜੋਖਰਾ ਸਹਿਬ
13 ਫਰਵਰੀ 2024, ਮੰਗਲਵਾਰ
ਸਵੇਰ 11:00 ਤੋਂ 01:00
ਬੇਨਤੀ ਕਰਤਾ:- ਸਮੂਹ ਪਰਿਵਾਰ
ਸੰਪਰਕ:- 9896813568, 9416931156


ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ
Learn Gatka
www.damdamitaksal.net


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਦੇਗ ਤੇਗ ਫਤਹਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ॥

# ਧੰਨ-ਧੰਨ 108

# ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ

# ਮਿਤੀ 16, 17, 18 ਫ਼ਰਵਰੀ 2024 ਨੂੰ

ਗੁਰਦਵਾਰਾ ਸਾਹਿਬ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਵਿਖੇ ਮਨਾਇਆ ਜਾ ਰਿਹਾ ਹੈ।



## ਵਿਸ਼ੇਸ਼ ਪ੍ਰੋਗਰਾਮ:

16-2-2024 ਦਿਨ ਸ਼ੁਕਰਵਾਰ

ਅਰੰਭ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ 11 ਵਜੇ ਸਵੇਰੇ।

18-2-2024 ਦਿਨ ਐਤਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10 ਵਜੇ ਸਵੇਰੇ।

16-17 ਫ਼ਰਵਰੀ ਨੂੰ 7 ਤੋਂ 8 ਵਜੇ ਤਕ ਸ਼ਾਮ ਦੇ ਦੀਵਾਨ ਸਜਣਗੇ

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿਚ ਬੁਲਾਰੇ ਅਤੇ ਹੋਰ ਗੁਣੀ ਗਿਆਨੀ ਸੰਗਤਾਂ ਨੂੰ ਵਾਰਾਂ ਰਾਹੀਂ ਨਿਹਾਲ ਕਰਨਗੇ।

ਇਸ ਮੌਕੇ ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ।

ਸਮੂਹ ਸੰਗਤ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਧਾਰਮਿਕ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵਲੋਂ:-** ਸਮੂਹ ਸੰਗਤ ਅਤੇ ਨਗਰ ਨਿਵਾਸੀ ਪਿੰਡ ਬੱਲੋਵਾਲ (ਸ਼ਹੀਦ ਭਗਤ ਸਿੰਘ ਨਗਰ) ਅਤੇ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਦੀ ਪ੍ਰਬੰਧਕ ਕਮੇਟੀ।

# Gurdwara Baba Sang Ji

7-9 St. Pauls Road, Smethwick, Birmingham, West Midlands B66 1EE Tel: 0121 558 2681


ਗੁਰੂਘਰ ਦੇ ਮਹਾਨ ਸਿੱਖ ਭਾਈ ਮਰਦਾਨਾ ਜੀ ਦੀ ਯਾਦ ਨੂੰ ਸਮਰਪਿਤ
ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੀ ਸੁਚੱਜੀ ਦੇਖ ਰੇਖ ਹੇਠ
ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਮਹਾਨ ਸਿੱਖ ਭਾਈ ਮਰਦਾਨਾ ਜੀ
ਸਲਾਨਾ ਗੁਰਮਤਿ ਸਮਾਗਮ
21 ਲੋੜਵੰਦ ਪ੍ਰੀਵਾਰਾਂ ਦੀਆਂ ਲੜਕੀਆਂ ਦੇ ਵਿਆਹ
ਸਥਾਨ: ਗੁਰਦੁਆਰਾ ਸ਼੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਨੇੜੇ ਕਾਲਾਂਵਾਲੀ ਮੰਡੀ, ਜਿਲ੍ਹਾ ਸਿਰਸਾ (ਹਰਿਆਣਾ) ਵਿਖੇ
ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 18 ਫਰਵਰੀ 2024
ਸਵੇਰੇ 10 ਤੋਂ ਸ਼ਾਮ 3 ਵਜੇ ਤੱਕ
ਸਭਾਗੀਆਂ 21 ਬੱਚੀਆਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਸਮਾਨ ਦੇ ਕੇ ਵਿਦਾ ਕੀਤਾ ਜਾਵੇਗਾ
ਆਵਾਜ਼ਿ ਕੌਮ AWAZE QAUM International Newspaper & WEB TV
ਸਤਿਕਾਰਯੋਗ ਸੰਤ ਮਹਾਂਪੁਰਖ ਸਮਾਗਮ ਵਿੱਚ 21 ਸੁਭਾਗੇ ਜੋੜਿਆਂ ਨੂੰ ਅਸ਼ੀਰਵਾਦ ਦੇਣਗੇ
ਬਾਬਾ ਜਗਤਾਰ ਸਿੰਘ ਸਿਰਸਾ ਕਾਰ ਸੇਵਾ ਵਾਲੇ
ਬਾਬਾ ਅਮਰੀਕ ਸਿੰਘ ਕਾਰ ਸੇਵਾ ਪਟਿਆਲਾ ਵਾਲੇ
ਸੰਤ ਰਜਿੰਦਰ ਸਿੰਘ ਇਸਰਾਣਾ ਸਾਹਿਬ ਵਾਲੇ
ਸੰਤ ਸੁੱਖਾ ਸਿੰਘ ਮੁਖੀ ਸੰਪਰਦਾਇ ਸਰਹਾਲੀ ਸਾਹਿਬ
ਸੰਤ ਕਾਹਨ ਸਿੰਘ ਸੇਵਾਪੰਥੀ ਗੋਨਿਆਣਾ ਵਾਲੇ
ਸੰਤ ਹਾਕਮ ਸਿੰਘ ਸਰਹਾਲੀ ਸਾਹਿਬ ਵਾਲੇ
ਸੰਤ ਸੁੱਖਾ ਸਿੰਘ ਕਾਰ ਸੇਵਾ ਕਰਨਾਲ ਵਾਲੇ
ਸੰਤ ਮਨਮੋਹਨ ਸਿੰਘ ਬਾਰਨ ਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
ਸੰਤ ਹਰੀ ਸਿੰਘ ਨਾਨਕਸਰ ਜੀਰੇ ਵਾਲੇ
ਸੰਤ ਪ੍ਰੀਤਮ ਸਿੰਘ ਰਾਜਪੁਰਾ ਵਾਲੇ
ਸੰਤ ਰਣਜੀਤ ਸਿੰਘ ਸੇਵਾਪੰਥੀ ਕਲਾਨੌਰ ਵਾਲੇ
ਸੰਤਰੇਨ ਬਾਬਾ ਲਖਬੀਰ ਸਿੰਘ ਲਲੌਂਡੇ ਵਾਲੇ
ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਵਾਲੇ
ਬਾਬਾ ਭਗਵੰਤ ਸਿੰਘ ਢੀਂਡਸੇ ਵਾਲੇ
ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ
ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲੇ
ਸੰਤ ਗੁਰਪਾਲ ਸਿੰਘ 18 ਐਫ ਰਾਜਸਥਾਨ ਵਾਲੇ
ਬਾਬਾ ਹਰਜਿੰਦਰ ਸਿੰਘ ਬਲਾਚੌਰ ਵਾਲੇ
ਸੰਤ ਸੁਖਦੇਵ ਸਿੰਘ ਨਾਨਕਸਰ ਪਟਿਆਲਾ ਵਾਲੇ
ਬਾਬਾ ਲਾਲ ਸਿੰਘ ਭੀਖੀ ਵਾਲੇ
ਬਾਬਾ ਜੀਵਨ ਸਿੰਘ ਚੁਨਾਗਰੇ ਵਾਲੇ
ਬਾਬਾ ਸੁਖਵਿੰਦਰ ਸਿੰਘ ਘੱਗਾ ਵਾਲੇ
ਬਾਬਾ ਨਾਇਬ ਸਿੰਘ ਬਹਾਦੁਰਗੜ੍ਹ ਵਾਲੇ
ਬਾਬਾ ਜਗਜੀਤ ਸਿੰਘ ਜੀ ਕਕਰਾਲੇ ਵਾਲੇ
ਬਾਬਾ ਜਗੀਰ ਸਿੰਘ ਕਾਹਨੂੰਵਾਨ ਛੰਭ ਵਾਲੇ
ਬਾਬਾ ਪ੍ਰਿਤਪਾਲ ਸਿੰਘ ਮਲੇਸ਼ੀਆ ਵਾਲੇ
ਬਾਬਾ ਗੁਰਪ੍ਰੀਤ ਸਿੰਘ ਮੋਹਲਗੜ੍ਹ ਵਾਲੇ
ਬਾਬਾ ਗੁਰਸੇਵਕ ਸਿੰਘ ਕਲਿਆਣ ਵਾਲੇ
ਬਾਬਾ ਸਰਬਜੋਤ ਸਿੰਘ ਪਟਿਆਲਾ ਵਾਲੇ
ਬਾਬਾ ਬਲਵਿੰਦਰ ਸਿੰਘ ਚਾਂਗਲੀ ਵਾਲੇ
ਬਾਬਾ ਦਰਸ਼ਨ ਸਿੰਘ ਟੌਹੜਾ ਮੂਲੇਪੁਰ ਵਾਲੇ
ਬਾਬਾ ਅਰਜਨ ਸਿੰਘ ਲਹਿਰੀ ਵਾਲੇ
ਬਾਬਾ ਕਰਤਾਰ ਸਿੰਘ ਤਿਲੋਕੇਵਾਲੇ
ਬਾਬਾ ਸਤਨਾਮ ਸਿੰਘ 34 ਸਿੰਘ ਸ਼ਹੀਦਾਂ ਵਾਲੇ
ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜਿ) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ: ਸੁਖ ਸੇਵਾ ਸਿਮਰਨ ਟਰੱਸਟ (ਰਜਿ.), ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਅਤੇ ਸਮੂੰਹ ਸਾਧ ਸੰਗਤ ਦਾਦੂ ਸਾਹਿਬ ਸਿਰਸਾ ਹਰਿਆਣਾ | 93560-60960




## ਇਟਲੀ ਵਿੱਚ ਸਰਦਾਰ ਹਰਪਾਲ ਸਿੰਘ ਪਾਲਾ ਦਾ

# ਚਾਕੂ ਮਾਰ ਕੇ ਕਤਲ

**ਇਟਲੀ, 11 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਇਟਲੀ ਦੇ ਸਭ ਤੋਂ ਪੁਰਾਣੇ ਗੁਰਦੁਆਰਾ ਸਾਹਿਬ ਸਿੰਘ ਸਭਾ, ਨੋਵੇਲਾਰਾ (ਰੀਜੋਈਮੀਲੀਆ) ਦੇ ਸਾਬਕਾ ਪ੍ਰਧਾਨ ਸ ਹਰਪਾਲ ਸਿੰਘ ਪਾਲਾ (59 ਸਾਲ) ਦਾ ਬੀਤੀ ਰਾਤ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਹਰਪਾਲ ਸਿੰਘ ਪਾਲਾ ਜੋ ਕਿ ਪੇਸ਼ੇ ਵਜੋਂ ਟਰਾਂਸਪੋਰਟਰ ਸਨ। ਮੀਡੀਆ ਰਾਹੀਂ ਪਤਾ ਲੱਗਾ ਕਿ ਬੀਤੀ ਰਾਤ ਟਰੱਕ ਵਿੱਚ ਸਮਾਨ ਲੱਦਣ ਗਏ ਸਨ।ਸਮਾਨ ਲੱਦਣ ਤੋਂ ਬਾਅਦ ਉਹ ਆਪਣੀ ਮੱਦਦ ਲਈ ਕੰਮ ਕਰਦੇ ਪਾਕਿਸਤਾਨੀ ਮੂਲ ਦੇ ਦੋ ਨੌਜਵਾਨਾਂ ਨੂੰ ਛੱਡਣ ਜਾ ਰਹੇ ਸਨ ਤਾਂ ਉਹਨਾਂ ਨੌਜਵਾਨਾਂ ਵਲੋਂ ਉਹਨਾਂ ਦੇ ਸਿਰ ਤੇ ਰਾਡ ਨਾਲ ਵਾਰ ਕਰਕੇ ਅਤੇ ਚਾਕੂ ਮਾਰ-ਮਾਰ ਕੇ ਕਤਲ ਕਰ ਦਿੱਤਾ। ਮੀਡੀਆ ਅਨੁਸਾਰ ਸਰਦਾਰ ਹਰਪਾਲ ਸਿੰਘ ਕੋਲ ਕਾਫੀ ਨਕਦ ਰਕਮ ਸੀ, ਜਿਸ ਬਾਰੇ ਉਹਨਾਂ ਨੌਜਵਾਨਾਂ ਨੂੰ ਪਤਾ ਲੱਗ ਗਿਆ। ਉਹਨਾਂ ਨੇ ਪੈਸੇ ਦੇ ਲਾਲਚ ਵਿਚ ਇਹ ਕਤਲ ਕੀਤਾ। ਸਰਦਾਰ ਹਰਪਾਲ ਸਿੰਘ ਪਾਲਾ ਦੇ ਤਿੰਨ ਪੁੱਤਰ ਹਨ ਜੋ ਇੱਕ ਉਹਨਾਂ ਦੇ ਨਾਲ ਟਰਾਂਸਪੋਰਟ ਦਾ ਕੰਮ, ਦੂਜਾ ਪ੍ਰਾਈਵੇਟ ਨੌਕਰੀ ਅਤੇ ਤੀਜਾ ਪੜ੍ਹਾਈ ਕਰਦਾ ਹੈ। ਸਰਦਾਰ ਹਰਪਾਲ ਸਿੰਘ ਪਾਲਾ ਪੰਜਾਬ ਦੇ ਪਿੰਡ ਬਗਵਾਈ (ਬਲਾਚੌਰ) ਦੇ ਵਸਨੀਕ ਸਨ। ਜੋ ਲੰਬੇ ਸਮੇਂ ਤੋਂ ਇਟਲੀ ਵਿੱਚ ਰਹਿ ਰਹੇ ਸਨ। ਇਟਾਲੀਅਨ ਪੁਲਿਸ ਦੋਸ਼ੀਆਂ ਨੂੰ ਫੜਨ ਲਈ ਅਗਲੀ ਕਾਰਵਾਈ ਕਰ ਰਹੀ ਹੈ। ਸਵਰਗੀ ਸਰਦਾਰ ਹਰਪਾਲ ਸਿੰਘ ਪਾਲਾ ਮੇਰੇ ਮਿੱਤਰ ਸਰਦਾਰ ਹਰਵਿੰਦਰ ਸਿੰਘ ਕੰਗ ਦੇ ਮਿੱਤਰ ਸਨ। ਪਹਿਲੀ ਵਾਰ 2010 ਵਿੱਚ ਸਾਡੀ ਵਾਕਫੀ ਹੋਈ। ਜਦੋਂ ਅਸੀਂ ਆਪਣੇ ਇਲਾਕੇ ਦੇ ਗੁਰਦੁਆਰਾ ਸਾਹਿਬ ਲਈ ਉਹਨਾਂ ਕੋਲ ਉਗਰਾਹੀ ਦੇ ਸਿਲਸਿਲੇ ਵਿੱਚ 10-15 ਜਾਣੇ ਗਏ ਸੀ।ਉਸ ਸਮੇਂ ਉਹ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸਨ। ਜਦੋਂ ਉਹਨਾਂ ਬਾਰੇ ਜਾ ਕੇ ਪੁੱਛਿਆ ਤਾਂ ਕਹਿੰਦੇ ਉਧਰ ਸੇਵਾ ਕਰਦੇ ਹੋਣਗੇ। ਜਦੋਂ ਦੇਖਿਆ ਤਾਂ ਉਹ ਸਾਦੇ ਕਪੜਿਆਂ ਵਿੱਚ ਬਰਤਨਾਂ ਦੀ ਸੇਵਾ ਕਰ ਰਹੇ ਸਨ। ਮਿੱਤਰ ਕੰਗ ਅਤੇ ਮੈਂ ਉਹਨਾਂ ਨੂੰ ਜਾ ਕੇ ਫ਼ਤਹਿ ਬੁਲਾਈ



ਆਵਾਜ਼ਿ ਕੌਮ AWAZE QAUM International Newspaper & WEB TV

ਗੱਲਬਾਤ ਕਰਦਿਆਂ ਕਹਿੰਦੇ ਸੰਗਤਾਂ ਨੇ ਮੁੱਖ ਸੇਵਾਦਾਰ ਚੁਣ ਦਿੱਤਾ ਪਰ ਮੈਂ ਸੰਗਤਾਂ ਨੂੰ ਕਿਹਾ ਕਿ ਮੈਂ ਪਹਿਲਾਂ ਦੀ ਤਰ੍ਹਾਂ ਬਰਤਨਾਂ ਦੀ ਸੇਵਾ ਵੀ ਕਰਦੇ ਹੀ ਰਹਿਣਾ ਹੈ।ਨਿੱਜੀ ਗੱਲਬਾਤ ਉਪਰੰਤ ਦੋਵੇਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਮੀਟਿੰਗ ਕੀਤੀ।ਉਸ ਤੋਂ ਬਾਅਦ 3-4 ਵਾਰ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਸਮਾਗਮਾਂ ਵਿੱਚ ਲੈ ਕੇ ਜਾਣ ਦਾ ਮੌਕਾ ਮਿਲਿਆ ਹਰੇਕ ਵਾਰ ਉਹਨਾਂ ਨੇ ਬਹੁਤ ਪਿਆਰ ਸਤਿਕਾਰ ਦਿੱਤਾ। 2-3 ਵਾਰ ਇਟਲੀ ਦੇ ਹੋਰ ਇਲਾਕਿਆਂ ਵਿੱਚ ਵੀ ਮੇਲ ਹੋਇਆ ਸੀ। ਸਰਦਾਰ ਹਰਪਾਲ ਸਿੰਘ ਜੀ ਇੱਕ ਵਧੀਆ ਇਨਸਾਨ ਸਨ। ਅਰਦਾਸ! ਅਕਾਲ ਪੁਰਖ ਵਿਛੜੀ ਆਤਮਾ ਨੂੰ ਸਦੀਵੀ ਸ਼ਾਂਤੀ ਬਖਸ਼ੇ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**-ਗੁਰਵਿੰਦਰ ਸਿੰਘ**

## ਗੁਰਦੁਆਰਾ ਸਮਾਧਾ ਬਾਬਾ ਨੌਧ ਸਿੰਘ ਜੀ ਵਿਖੇ 18.ਫਰਵਰੀ ਨੂੰ ਮਨਾਇਆ ਜਾਵੇਗਾ ਸਲਾਨਾ ਜੋੜ ਮੇਲਾ: ਜਥੇਦਾਰ ਬਾਬਾ ਜੋਗਾ ਸਿੰਘ ਜੀ

**ਜੰਡਿਆਲਾ ਗੁਰੂ, 10 ਫਰਵਰੀ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਪਹਿਲੇ ਮੁੱਖੀ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ, ਜੱਥੇਦਾਰ ਬਾਬਾ ਨੌਧ ਸਿੰਘ ਜੀ ਸ਼ਹੀਦ ਜੀ ਦੀ ਪਵਿੱਤਰ ਯਾਦ ਵਿੱਚ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਜੀ ਦੇ 16ਵੇਂ

ਆਵਾਜ਼ਿ ਕੌਮ AWAZE QAUM International Newspaper & WEB TV



ਮੁੱਖੀ ਸਿੰਘ ਸਾਹਿਬ ਜੱਥੇਦਾਰ ਬਾਬਾ ਜੋਗਾ ਸਿੰਘ ਜੀ ਦੀ ਰਹਿਨੁਮਾਈ ਹੇਠ ਅਤੇ ਸੰਤ ਬਾਬਾ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ. ਆਨੰਦਪੁਰ ਸਾਹਿਬ ਜੀ ਦੇ ਜੋਗ ਪ੍ਰਬੰਧਾਂ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਨਾਲ ਸਲਾਨਾ ਜੋੜ ਮੇਲਾ ਗੁਰਦਆਰਾ ਸਮਾਧਾ ਬਾਬਾ ਨੌਧ ਸਿੰਘ ਜੀ ਪਿੰਡ ਚੱਬਾ ਤਰਨ ਤਾਰਨ ਰੋਡ ਵਿਖੇ 18 ਫਰਵਰੀ ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ ਜਾਣਕਾਰੀ ਦਿੰਦਿਆ ਸਿੰਘ ਸਾਹਿਬ ਜੱਥੇਦਾਰ ਬਾਬਾ ਜੋਗਾ ਸਿੰਘ ਜੀ 16 ਵੇ ਮੁੱਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਜੀ ਨੇ ਦੱਸਿਆ ਕਿ 16.ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਅਤੇ 18 ਫਰਵਰੀ ਨੂੰ ਭੋਗ ਪਾਏ ਜਾਣਗੇ ਭੋਗ ਉਪਰੰਤ ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਨਗੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ 18 ਫਰਵਰੀ ਨੂੰ ਦੁਪਿਹਰ 12 ਵਜੇ ਗੱਤਕੇ ਮੁਕਾਬਲੇ ਉਪਰੰਤ ਦਲ ਪੰਥ ਵਲੋ ਘੋੜ ਸਵਾਰੀ, ਨੇਜ਼ੇ ਬਾਜੀ ਦੇ ਜੌਹਰ ਵਿਖਾਏ ਜਾਣਗੇ ਅਤੇ 17 ਫਰਵਰੀ ਨੂੰ ਕਬੱਡੀ ਕੱਪ ਹੋਣਗੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



॥ ਗੁਰਬਾਣੀ ਕਥਾ ਵਿਚਾਰ ॥
ਗੁਰਦੁਆਰਾ ਸ਼ੀਸ ਗੰਜ ਸਾਹਿਬ
ਮਿਤੀ : 11 ਫਰਵਰੀ 2024
ਸਵੇਰੇ 7:30 ਤੋਂ 8:30 ਵਜੇ ਤੱਕ
ਗੁਰਦੁਆਰਾ ਬੰਗਲਾ ਸਾਹਿਬ
ਮਿਤੀ : 12 ਫਰਵਰੀ 2024
ਸਵੇਰੇ 7:30 ਤੋਂ 8:30 ਵਜੇ ਤੱਕ
Live On PTC ਸਿਮਰਨ
Live On CHARDIKLA TIME TV
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ
ਮੌਜੂਦਾ ਮੈਂਬਰ ਅਤੇ ਸਾਬਕਾ ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
/BhaiBaljitSinghDaduwal /Daduwal /Daduwal /DaduwalTV
www.bhaibaljitsinghji.com
98140-15740, 93560-60960




ਗੁ: ਟਿਕਾਣਾ ਭਾਈ ਜਗਤਾ ਜੀ ਸਾਹਿਬ
ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ
ਮਹੰਤ ਬਾਬਾ ਤੀਰਥ ਸਿੰਘ ਜੀ ਦੇ 99 ਵੇਂ ਜਨਮ ਦਿਹਾੜੇ ਤੇ
ਮਹਾਨ ਕੀਰਤਨ ਦਰਬਾਰ
ਮਿਤੀ: 12 ਫਰਵਰੀ 2024 ਦਿਨ ਸੋਮਵਾਰ ਸਮਾ: ਰਾਤ 7 ਤੋਂ 12 ਵਜੇ ਤੱਕ
ਜਥੇਦਾਰ ਬਲਜੀਤ ਸਿੰਘ ਜੀ
ਦਾਦੂਵਾਲ HSGMC
ਸੰਤ ਰਣਜੀਤ ਸਿੰਘ ਜੀ
ਅੱਖਾਂ ਦਾ ਫਰੀ ਚੈਕਅੱਪ ਕੈਂਪ
ਮਹੰਤ ਭਾਈ ਕਾਹਨ ਸਿੰਘ ਜੀ 'ਸੇਵਾਪੰਥੀ'
ਮੋ: 98140-35191, 98140-04503




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ ‘ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ ‘ਚ ਨਵੇਂ ਸਾਲ ( 2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

# ਭੋਗ ਅਤੇ ਅੰਤਿਮ ਅਰਦਾਸ



ਆਪ ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ

ਭਾਈ ਸਾਹਿਬ ਭਾਈ ਗਿ. ਪਿੰਦਰਪਾਲ ਸਿੰਘ ਜੀ ਅਤੇ ਸ੍ਰ. ਕਸ਼ਮੀਰ ਸਿੰਘ ਜੀ ਦੇ ਮਾਤਾ ਜੀ ਅਤੇ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਤਿਨਾ ਦੇ ਚਾਚੀ ਜੀ

(ਸ੍ਰ ਹਰਦਿਆਲ ਸਿੰਘ ਜੀ ਦੀ ਧਰਮ ਸੁਪਤਨੀ)

## ਮਾਤਾ ਬਲਬੀਰ ਕੌਰ ਜੀ

ਅਕਾਲ ਪੁਰਖ ਵਲੋਂ ਬਖਸ਼ੀ ਸੁਆਸਾਂ ਰੂਪੀ ਪੂੰਜੀ ਨੂੰ ਭੋਗਦੇ ਹੋਏ ਅਕਾਲ ਚਲਾਣਾ ਕਰ ਗਏ ਸੱਨ

ਤਿਨਾ ਨਮਿਤ ਰੱਖੇ ਸ੍ਰੀ ਸਾਹਿਜ ਪਾਠ ਦੇ ਭੋਗ ਕੀਰਤਨ ਕਥਾ ਸਮਾਗਮ ਅਤੇ ਅਰਦਾਸ

ਮਿਤੀ 13 ਫਰਵਰੀ ਮੰਗਲਵਾਰ 2024 ਨੂੰ ਦੁਪਹਿਰ 12 ਤੋਂ 2 ਵੱਜੇ ਤੱਕ

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ ਹੋਵੇਗੀ

ਗੁਰੂ ਭਾਣੇ ਵਿਚ ਸਮੂਹ ਪਰਿਵਾਰ

98882-03113
70873-03113
97296-56009 94175-01929

ਆਵਾਜ਼ਿ ਕੌਮ AWAZE QAUM International Newspaper & WEB TV

### ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਮਾਮਲੇ ਵਿੱਚ ਇਨਸਾਫ਼ ਲੈਣ ਲਈ

# ਕਾਉਂਕੇ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਇਨਸਾਫ਼ ਮਾਰਚ 5 ਨੂੰ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੋਸ਼ੀਆਂ ਖਿਲਾਫ਼ ਕੇਸ ਦਰਜ਼ ਕਰਕੇ ਤੁਰੰਤ ਕਾਰਵਾਈ ਸ਼ੁਰੂ ਕਰੇ ਨਹੀਂ ਤਾਂ ਉਸ ਦਾ ਨਾਂ ਵੀ ਦੋਸ਼ੀ ਮੁੱਖ ਮੰਤਰੀਆਂ ਵਿੱਚ ਆਵੇਗਾ




(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਮਾਮਲੇ ਵਿੱਚ ਇਨਸਾਫ਼ ਲੈਣ ਲਈ

# ਕਾਉਂਕੇ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਇਨਸਾਫ਼ ਮਾਰਚ 5 ਨੂੰ

## ਜਥੇਦਾਰ ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਇੱਕ ਮੈਮੋਰੰਡਮ ਦਿੱਤਾ ਜਾਵੇਗਾ : ਪੰਥਕ ਜਥੇਬੰਦੀਆਂ


















ਆਵਾਜ਼ਿ ਕੌਮ AWAZE QAUM International Newspaper & WEB TV

(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਮਾਮਲੇ ਵਿੱਚ ਇਨਸਾਫ਼ ਲੈਣ ਲਈ

# ਕਾਉਂਕੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਇਨਸਾਫ਼ ਮਾਰਚ 5 ਨੂੰ

## ਮਤਿਆਂ ਰਾਹੀਂ ਕੇਂਦਰ ਸਰਕਾਰ, ਮਹਾਰਾਸ਼ਟਰ ਸਰਕਾਰ, ਪੰਜਾਬ ਸਰਕਾਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਤਾੜਨਾ ਕਰਦਿਆਂ ਮੰਗ ਕੀਤੀ ਗਈ ਕਿ ਲਏ ਗਏ ਪੰਥ ਵਿਰੋਧੀ ਫੈਸਲੇ ਵਾਪਸ ਲਏ ਜਾਣ







ਆਵਾਜ਼ਿ ਕੌਮ AWAZE QAUM International Newspaper & WEB TV








(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਮਾਮਲੇ ਵਿੱਚ ਇਨਸਾਫ਼ ਲੈਣ ਲਈ

# ਕਾਉਂਕੇ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਇਨਸਾਫ਼ ਮਾਰਚ 5 ਨੂੰ

## ਪੰਥ ਰਤਨ ਫਖਰ-ਏ-ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਜੀ ਕਾਉਂਕੇ ਉੱਪਰ ਘੋਰ ਤਸ਼ੱਦਦ ਕਰਕੇ ਕਤਲ ਕਰਨ ਦੀ ਸਾਰੀ ਅਸਲੀਅਤ ਚਿੱਟੇ ਦਿਨ ਵਾਂਗ ਜਗ ਜਾਹਿਰ





ਆਵਾਜ਼ਿ ਕੌਮ AWAZE QAUM International Newspaper & WEB TV











ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਮਾਤਾ ਜਸਪਾਲ ਕੌਰ ਹਠੂਰ ਦੀ

# ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜ਼ਰੀ



## ਵੱਖ-ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਪਰਿਵਾਰ ਨਾਲ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ












ਜਗਰਾਉਂ – (ਵਰਿਆਮ ਹਠੂਰ) ਬੀ ਜੇ ਪੀ ਦੇ ਮੰਡਲ ਹਠੂਰ ਤੋਂ ਸਾਬਕਾ ਜਨਰਲ ਸਕੱਤਰ ਗੁਰਜੰਟ ਸਿੰਘ ਹਠੂਰ ਦੇ ਸਤਿਕਾਰਯੋਗ ਮਾਤਾ ਜਸਪਾਲ ਕੌਰ ਧਰਮ ਪਤਨੀ ਸ: ਹਰਬੰਸ ਸਿੰਘ ਹਠੂਰ ਜੋ ਬੀਤੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿੱਤ ਰੱਖੇ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਕਸਬਾ ਹਠੂਰ ਦੀ ਭਾਗਾਂ ਭਰੀ ਧਰਤੀ ਤੇ ਸ਼ੁਸ਼ੋਭਿਤ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਹੋਈ, ਜਿੱਥੇ ਨਗਰ ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣਾ ਸਿਜਦਾ ਭੇਟ ਕੀਤਾ, ਸਵੇਰੇ ਗੁਰੂ ਘਰ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕੀਤੇ ਹੋਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਕਥਾਵਾਚਕ ਭਾਈ ਗੁਰਜੰਟ ਸਿੰਘ ਖ਼ਾਲਸਾ ਰਸੂਲਪੁਰ ਵਾਲਿਆਂ ਨੇ ਗੁਰਬਾਣੀ ਕਥਾ ਅਤੇ ਨਾਮ ਸਿਮਰਨ ਕਰਕੇ ਗੁਰਸੰਗਤਾਂ ਨੂੰ ਨਿਹਾਲ ਕੀਤਾ, ਬਾਲਮੀਕ ਸਭਾ ਦੇ ਆਲ ਇੰਡੀਆ ਚੇਅਰਮੈਨ ਸ਼੍ਰੀ ਗੇਜਾ ਰਾਮ ਜੀ, ਇੰਟਰਨੈਸ਼ਨਲ ਪੰਥਕ ਦਲ ਦੇ ਧਾਰਮਿਕ ਵਿੰਗ ਤੋਂ ਜ਼ਿਲ੍ਹਾ ਪ੍ਰਧਾਨ ਭਾਈ ਕੁਲਦੀਪ ਸਿੰਘ ਜੀ ਡੱਲਾ, ਬੀ ਜੇ ਪੀ ਦੇ ਸਰਕਲ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ, ਨੇ ਵੀ ਅੰਤਿਮ ਅਰਦਾਸ ਮੌਕੇ ਸ਼ਮੂਲੀਅਤ ਕੀਤੀ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ, ਗੱਲਬਾਤ ਕਰਦਿਆਂ ਗੁਰੂ ਘਰ ਦੇ ਵਜੀਰ ਅਤੇ ਕਥਾਵਾਚਕ ਭਾਈ ਗੁਰਜੰਟ ਸਿੰਘ ਜੀ ਖਾਲਸਾ ਰਸੂਲਪੁਰ ਨੇ ਕਿਹਾ ਕਿ ਪਰਮਾਤਮਾ ਦੇ ਬਣਾਏ ਜਨਮ ਮਰਨ ਦੇ ਚੱਕਰ ਅਨੁਸਾਰ ਜਿਸ ਨੇ ਵੀ ਇਸ ਸੰਸਾਰ ਤੇ ਜਨਮ ਲਿਆ ਹੈ। ਉਸ ਨੇ ਆਖਿਰ ਆਪਣੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਇੱਕ ਨਾ ਇੱਕ ਦਿਨ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਜਾਣਾ ਹੈ। ਬੰਦੇ ਦੇ ਕੀਤੇ ਹੋਏ ਚੰਗੇ ਕੰਮਾਂ ਕਾਰਨ ਹੀ ਲੋਕ ਉਸ ਨੂੰ ਯਾਦ ਕਰਦੇ ਹਨ। ਅੰਤਿਮ ਸਮੇਂ ਨਾਲ ਕੁਝ ਵੀ ਨਹੀਂ ਜਾਣਾ, ਸਿਰਫ਼ ਕੀਤੇ ਹੋਏ ਨਾਮ ਸਿਮਰਨ ਦੀ ਪੂੰਜੀ ਹੀ ਜਾਣੀ ਹੈ। ਇਸ ਲਈ ਸਾਨੂੰ ਗੁਰਬਾਣੀ ਦਾ ਪੱਲਾ ਫੜ ਕੇ, ਗੁਰਬਾਣੀ ਪੜ੍ਹ ਕੇ ਤੇ ਉਸ ਤੇ ਅਮਲ ਕਰ ਕੇ ਆਪਣਾ ਮਨੁੱਖਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ। ਕਿ ਵਾਹਿਗੁਰੂ ਮਾਤਾ ਜਸਪਾਲ ਕੌਰ ਹਠੂਰ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ, ਗੱਲਬਾਤ ਕਰਦਿਆਂ ਪ੍ਰਧਾਨ ਅਮਰਪ੍ਰੀਤ ਸਿੰਘ ਲਾਡੀ ਹਠੂਰ ਨੇ ਕਿਹਾ ਕਿ ਮਾਤਾ ਜਸਪਾਲ ਕੌਰ ਬਹੁਤ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਤੇ ਹਰ ਇੱਕ ਨਾਲ ਅੱਛਾ ਰਸੂਖ਼ ਰੱਖਣ ਵਾਲੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਜਿੱਥੇ ਪਰਿਵਾਰ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉੱਥੇ ਸਾਕ ਸਬੰਧੀਆਂ, ਰਿਸ਼ਤੇਦਾਰਾਂ ਅਤੇ ਉਨ੍ਹਾਂ ਨੂੰ ਪਿਆਰ ਸਤਿਕਾਰ ਦੇਣ ਵਾਲਿਆਂ ਨੂੰ ਮਾਤਾ ਜਸਪਾਲ ਕੌਰ ਹਠੂਰ ਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਹਮੇਸ਼ਾ ਲਈ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ, ਅੰਤਿਮ ਅਰਦਾਸ ਤੋਂ ਬਾਅਦ ਵੱਖ ਵੱਖ ਰਿਸ਼ਤੇਦਾਰਾਂ,ਸਾਕ ਸਬੰਧੀਆਂ ਅਤੇ ਦੂਰੋਂ ਨੇੜਿਉਂ ਪੁੱਜੀਆਂ ਸੰਗਤਾਂ ਨੇ ਪਰਿਵਾਰ ਨਾਲ ਮਾਤਾ ਜਸਪਾਲ ਕੌਰ ਹਠੂਰ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਇਸ ਮੌਕੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ 'ਚ ਭਾਜਪਾ ਤੇ ਅਕਾਲੀ ਦਲ ਗਠਜੋੜ

# ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਸਿਆਸੀ ਭੱਵਿੱਖ ਲੱਗਾ ਮੁੜ ਦਾਅ 'ਤੇ

**ਲੰਡਨ, 11 ਫਰਵਰੀ (ਸਰਬਜੀਤ ਸਿੰਘ ਬਨੂੜ)** - ਪੰਜਾਬ ਵਿੱਚ ਭਾਜਪਾ ਅਕਾਲੀ ਦਲ ਦੇ ਗੰਠਜੋੜ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਸਿਆਸੀ ਭੱਵਿੱਖ ਮੁੜ ਦਾਅ 'ਤੇ ਲੱਗ ਗਿਆ ਹੈ।



ਪੰਜਾਬ ਵਿਧਾਨ ਸਭਾ ਚੌਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਦੀ ਹੋਈ ਜਬਰਦਸਤ ਹਾਰ, ਦੋਵਾਂ ਪਾਰਟੀਆਂ ਦਾ ਸਿਆਸੀ ਤੋੜ ਵਿਛੋੜਾ 'ਤੇ ਮੁੜ ਸਿਆਸੀ ਕੁਰਸੀ ਦੀ ਲਾਲਸਾ ਨੇ ਦੋਵੇਂ ਪਾਰਟੀਆਂ ਨੂੰ ਮੁੜ ਇੱਕ ਦੂਜੇ ਦੇ ਨੇੜੇ ਲਿਆ ਖੜਾ ਕਰ ਦਿੱਤਾ ਹੈ ਪਰ ਦੇਸ਼ ਵਿੱਚ ਮੁੜ ਸ਼ੁਰੂ ਹੋ ਰਿਹਾ ਕਿਸਾਨ ਅੰਦੋਲਨ ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੂੰ ਫਾਇਦਾ ਨਾ ਦੇ ਕੇ ਜ਼ਰੂਰ ਮੁੜ ਸਬਕ ਸਿਖਾਵੇਗਾ।

ਭਾਵੇਂ ਕਿ ਦੋਵਾਂ ਪਾਰਟੀਆਂ ਵਿਚਾਲੇ ਤੋੜ ਵਿਛੋੜੇ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਪੂਰਨ ਬਹੁਮਤ ਵਾਲੀ ਮਜ਼ਬੂਤ ਸਰਕਾਰ ਬਣਾ ਦਿੱਤੀ ਹੈ 'ਤੇ ਪੰਜਾਬ ਦੀ ਹਿਤੈਸ਼ੀ ਪਾਰਟੀ ਵਿਰੋਧੀ ਧਿਰ ਵੀ ਨਾ ਬਣ ਗਿਣਤੀ ਦੇ ਮੈਂਬਰਾਂ ਨਾਲ ਸਬਰ ਕਰ ਬੈਠ ਗਈ ਤੇ ਪੰਜਾਬ ਵਿੱਚ ਪੰਜਾਬ ਬਚਾਉ ਦੇ ਨਾਅਰੇ ਨਾਲ ਸਿਆਸੀ ਹਲਚਲ ਸ਼ੁਰੂ ਕੀਤੀ ਪਰੰਤੂ ਉਹ ਵੀ ਕੁਝ ਸ਼ਹਿਰਾਂ ਤੱਕ ਸੀਮਿਤ ਰਹਿ ਗਈ ਤੇ ਲੋਕਾਂ ਵਿੱਚ ਅੱਜ ਵੀ ਅਕਾਲੀ ਭਾਜਪਾ ਸਰਕਾਰ ਸਮੇਂ ਹੋਈਆਂ ਅਣ ਗਿਣਤ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਨੂੰ ਲੋਕੀ ਨਾ ਭੁੱਲੇ ਸਕੇ। ਸਮੁੱਚੇ ਪੰਜਾਬ ਦੀਆਂ ਵੋਟਾਂ ਦੀ ਗਿਣਤੀ ਵੇਖੀ ਜਾਵੇ ਤਾਂ ਤੋੜ ਵਿਛੋੜੇ ਕਾਰਨ ਦੋਵੇਂ ਪਾਰਟੀਆਂ ਜਿੱਤ ਦੇ ਨਿਸ਼ਾਨ ਤੋਂ ਹੇਠਾਂ ਡਿੱਗ ਪਈਆਂ ਪਰ ਆਪਣੀ ਆਪਣੀ ਆਕੜ ਕਾਰਨ ਗਲਤੀਆਂ ਤੇ ਗਲਤੀਆਂ ਕਰਦੀਆਂ ਤੂੰ ਉੱਤਰ ਮੇਰੀ ਵਾਰੀ ਵਾਂਗ ਆਮ ਜਨਤਾ ਨੇ ਦੋਨੋ ਪਾਰਟੀਆਂ ਦਾ ਪੱਤਾ ਸਾਫ ਕਰ ਤੀਜੀ ਧਿਰ ਨੂੰ ਪੰਜਾਬ ਤੇ ਕਾਬਜ਼ ਕਰ ਦਿੱਤਾ। ਪੰਜਾਬ ਦੀ ਸੱਤਾ ਮਾਣਣ ਲਈ ਕਈ ਥਾਵਾਂ ਤੇ ਪੰਜਾਬ ਵਿੱਚ ਪੇਂਡੂ ਵੋਟ ਤੇ ਪੰਥ ਖਤਰੇ ਦੇ ਨਆਰਿਆ ਤੇ ਪੰਜਾਬ ਵਿੱਚ ਖਾੜਕੂ ਬਾਦ ਦਾ ਨਾਅਰਾ ਲਾ ਕੇ ਸੱਤਾ ਹਾਸਲ ਕਰਨ ਵਾਲੀਆਂ ਦੋਵੇਂ ਵੱਡੀਆਂ ਧਿਰਾਂ ਪੰਜਾਬ ਵਿੱਚ ਮੁੜ ਪੈਰ ਲਾਉਣ ਲਈ ਤਰਲੋ ਮੱਛੀ ਹੋਈਆਂ ਪਈਆਂ ਹਨ। ਸਰਕਾਰ ਹੋਣ ਵੇਲੇ ਸਿੱਖ ਮਸਲਿਆਂ , ਬੰਦੀ ਸਿੰਘਾਂ ਦੀ ਰਿਹਾਈ ਤੇ ਚੁੱਪੀ 'ਤੇ ਸਿੱਖਾਂ ਦੇ ਕਾਤਲਾਂ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਪ੍ਰਸਤੀ ਹੇਠ ਉਚ ਅਹੁਦਿਆਂ ਤੇ ਨਿਵਾਜਣਾ ਸਿੱਖਾਂ ਦੇ ਖੁੱਲ੍ਹੇ ਜ਼ਖ਼ਮਾਂ ਤੇ ਲੂਣ ਪਾਉਣ ਬਰਾਬਰ ਸੀ ਤੇ ਕਿਸਾਨ ਅੰਦੋਲਨ ਦੌਰਾਨ ਭਾਜਪਾ ਦਾ ਕਿਸਾਨਾਂ ਪ੍ਰਤੀ ਵਿਹਾਰ ਤੇ ਮੁੜ ਸ਼ੁਰੂ ਹੋਣ ਜਾ ਰਹੇ ਕਿਸਾਨ ਅੰਦੋਲਨ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਵਿਚਕਾਰ ਗੰਠਜੋੜ ਦੀ ਅਵਾਜ ਪੰਜਾਬ ਵਿੱਚ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਚੰਗੇ ਸੰਕੇਤ ਨਹੀ ਹੋਣਗੇ।

ਜੇਕਰ ਅਜਿਹਾ ਹੋ ਗਿਆ ਤਾਂ ਪੰਜਾਬ ਵਿੱਚ ਪੰਜਾਬੀ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਸਿਆਸੀ ਰੁਤਬਾ ਖਤਮ ਹੋਣ ਦੇ ਨਾਲ ਪੰਜਾਬ ਵਿੱਚੋਂ ਖੇਤਰੀ ਪਾਰਟੀ ਦਾ ਇੱਕ ਵੀ ਐਮ ਪੀ ਤੇ ਪੰਜਾਬ ਵਿਧਾਨ ਸਭਾ ਵਿੱਚ ਮੁਕੰਮਲ ਮੈਂਬਰੀ ਖਤਮ ਹੋਣ ਦੇ ਅਸਾਰ ਬਣ ਜਾਣਗੇ ਤੇ ਪੁਰਾਤਨ ਅਕਾਲੀ ਦਲ ਇਕ ਪਰਿਵਾਰ ਦੇ ਕੁਰਸੀ ਦੀ ਲਾਲਸਾ ਕਾਰਨ ਵਜੂਦ ਖਤਮ ਕਰਨ ਵੱਲ ਇਕ ਹੋਰ ਕਦਮ ਵਧ ਜਾਵੇਗਾ ਜਿਸ ਦਾ ਅਸਰ ਕਈ ਸਾਲ ਤੱਕ ਸਿੱਖ ਕੋਮ ਨੂੰ ਝੱਲਣਾ ਪਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਚੋਣਾਂ ਵਿੱਚ ਅਕਾਲੀ ਦਲ ਦੀ ਸਰਮਨਾਕ ਹਾਰ ਤੋਂ ਬਾਦ 12 ਮਾਰਚ 2022 ਨੂੰ ਜਗਬਾਣੀ ਅਖਬਾਰ ਵਿੱਚ ਪ੍ਰਕਾਸਿਤ ਖ਼ਬਰ ਰਾਹੀਂ ਵਿਦੇਸ਼ੀ ਸਿੱਖਾਂ ਨੇ ਪੁਰਾਤਨ ਅਕਾਲੀ ਦਲ ਨੂੰ ਮੁੜ ਪੰਜਾਬ ਹਿਤੈਸ਼ੀ ਬਣਾਉਣ ਲਈ ਕਈ ਸੁਝਾਅ ਦਿੱਤੇ ਪਰੰਤੂ ਉਹ ਵੀ ਅੱਖੋ ਪਰੋਖੇ ਕਰ ਬਾਦਲ ਪਰਿਵਾਰ ਨੇ ਲਗਾਤਾਰ ਗੁਰਦਵਾਰਾ ਪ੍ਰਬੰਧ ਤੇ ਕਾਬਜ਼ ਹੋਣ ਦੇ ਬਾਵਜੂਦ ਸਿੱਖੀਂ ਦੇ ਪਸਾਰ ਤੇ ਪੰਜਾਬ ਦੀ ਸਿਆਸਤ ਵਿੱਚ ਕੋਈ ਮੱਲ ਨਾ ਮਾਰ ਸਕਿਆ ਪਰੰਤੂ ਕੋਈ ਵੀ ਪਾਰਟੀ ਵਿਦੇਸ਼ੀ ਸਿੱਖਾਂ ਨੂੰ ਨਜ਼ਰ ਅੰਦਾਜ਼ ਕਰ ਪੰਜਾਬ ਵਿੱਚ ਕਾਮਯਾਬ ਨਹੀਂ ਹੋ ਸਕਦੀ।

# ਸੁਲਤਾਨਪੁਰ ਦੇ ਨਵਰੋਜ਼ ਸਿੰਘ ਹਰੀ ਨੇ ਕੌਮਾਂਤਰੀ ਡਿਜ਼ੀਟਲ ਫੈਸਟ 'ਚ ਪੰਜਾਬ ਚੋਂ ਸਥਾਨ ਪ੍ਰਾਪਤ ਕੀਤਾ

**ਧੂਰੀ ( ਰਣਜੀਤ ਸਿੰਘ ਪੇਧਨੀ )** - ਫੂਜੈਰਾਹ (ਯੂ.ਏ.ਈ.) ਵਿਖੇ 10 ਫ਼ਰਵਰੀ ਨੂੰ ਆਯੋਜਿਤ ਹੋਏ ਕੌਮਾਂਤਰੀ ਡਿਜ਼ੀਟਲ ਫੈਸਟ ਵਿੱਚ ਆਪਣੇ ਪ੍ਰਾਜੈਕਟ ਰਾਹੀਂ ਝੰਡੇ ਗੱਡ ਦਿੱਤੇ ਹਨ ।ਆਪਣੇ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਗਿਆਨਸ਼ ਗਲੋਬਲ ਸਕੂਲ ਦੇ ਸੱਤਵੀਂ ਜਮਾਤ ਦੇ ਵਿਦਿਆਰਥੀ ਨਵਰੋਜ਼ ਸਿੰਘ ਹਰੀ ਨੇ ਯੂਏਈ ਵਿੱਚ ਹੋਏ ਅੰਤਰਰਾਸ਼ਟਰੀ ਡਿਜੀਟਲ ਫੈਸਟ ਵਿੱਚ ਜੂਨੀਅਰ ਵਰਗ ਵਿੱਚ ਦੂਜਾ ਇਨਾਮ ਜਿੱਤ ਕੇ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਸ ਦੇ ਵਿੱਚ ਪਹਿਲਾ ਸਥਾਨ ਹੋਲੀ ਗਰੇਸ ਸਕੂਲ ਕੇਰਲਾ ਅਤੇ ਤੀਜਾ ਸਥਾਨ ਹੈਬੀਟੇਟ ਸਕੂਲ ਦੁਬਈ ਨੇ ਪ੍ਰਾਪਤ ਕੀਤਾ। ਇਸ ਮੁਕਾਬਲੇ ਨੇ ਵਿਸ਼ਵ ਪੱਧਰ ਤੇ ਵਿਦਿਆਰਥੀਆਂ ਨੂੰ ਡਿਜੀਟਲ ਯੁਗ ਵਿੱਚ ਨਵੀਨਤਾ ਨੂੰ ਅਪਣਾਉਣ ਦੇ ਲਈ ਪ੍ਰੇਰਿਤ ਕੀਤਾ ਹੈ। ਨਵਰੋਜ਼ ਸਿੰਘ ਹਰੀ ਗਿਆਨਸ਼ ਗਲੋਬਲ ਸਕੂਲ, ਸਲੇਮਪੁਰ ( ਧੂਰੀ ) ਦਾ ਸੱਤਵੀਂ ਜਮਾਤ ਦਾ ਵਿਦਿਆਰਥੀ ਹੈ। ਏ.ਆਈ. , ਆਈ.ਓ.ਟੀ. ਅਤੇ ਕੋਡਿੰਗ 'ਤੇ ਆਧਾਰਿਤ ਇਸਦਾ ਪ੍ਰੋਜੈਕਟ ਆਧੁਨਿਕ ਸੰਚਾਈ ਪ੍ਰਣਾਲੀ ਤੇ ਅਧਾਰਿਤ ਹੈ। ਜੋ ਕਿ ਬਿਜਲੀ ਅਤੇ ਪਾਣੀ ਦੀ ਫਾਲਤੂ ਵਰਤੋਂ ਨੂੰ ਰੋਕਣ ਵਿੱਚ ਸਹਾਇਕ ਹੋਵੇਗਾ ।ਪ੍ਰਿੰਸੀਪਲ ਸ੍ਰੀ ਰੋਜ਼ੀ ਥੋਮਸ ਖੁਦ ਇਸ ਡਿਜੀਟਲ ਫੈਸਟ ਦੇ ਵਿੱਚ ਬਤੌਰ ਮਹਿਮਾਨ ਵਜੋਂ ਮੌਜੂਦ ਰਹੇ। ਇਸ ਪ੍ਰਾਪਤੀ ਤੇ ਸਕੂਲ ਦੇ ਚੈਅਰਮੈਨ ਰੁਬਿੰਦਰ ਸਿੰਘ ਰੰਧਾਵਾ, ਸਕੱਤਰ ਮਨਜੀਤ ਸਿੰਘ ਢਿੱਲੋਂ , ਸ੍ਰੀਮਤੀ ਹਰਪਿੰਦਰ ਕੌਰ ਅਤੇ ਸ੍ਰੀਮਤੀ ਤਲਵਿੰਦਰ ਕੌਰ ਅਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸ਼ਿਹਨਾ ਰੋਜ਼ੀ ਨੇ ਬਹੁਤ- ਬਹੁਤ ਵਧਾਈ ਪ੍ਰਗਟ ਕੀਤੀ ਹੈ। ਸਕੂਲ ਦੇ ਪ੍ਰਬੰਧਕ ਕਮੇਟੀ ਅਤੇ ਨਵਰੋਜ ਸ੍ਰੀ ਜਤਿੰਦਰਪਾਲ ਸਿੰਘ ਤੇ ਪਰਦੀਪ ਕੌਰ ਨੂੰ ਬਹੁਤ- ਬਹੁਤ ਵਧਾਈ ਦਿੱਤੀ ਹੈ। ਪ੍ਰਿੰਸੀਪਲ ਸ੍ਰੀ ਰੋਜ਼ੀ ਥਾਮਸ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਨਵਰੋਜ ਸਿੰਘ ਦੇ ਨਾਲ਼ ਸੱਤਵੀਂ ਜਮਾਤ ਦੇ ਵਿਦਿਆਰਥੀ ਕੁਲਤਾਜ ਸਿੰਘ ਅਤੇ ਹਰਮਨ ਸਿੰਘ ਇਸ ਪ੍ਰੋਜੈਕਟ ਦੇ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬੂਟਾ ਸੁਲਤਾਨਪੁਰ ਨੇ ਇਸ ਜਿੱਤ ਦੇ ਨੌਜਵਾਨ ਨੂੰ ਵਧਾਈ ਦਿੱਤੀ ਤੇ ਆਸ ਪ੍ਰਗਟ ਕੀਤੀ ਕਿ ਅੱਗੇ ਤੋਂ ਵੀ ਉਹ ਆਪਣੇ ਪਿੰਡ ਸੁਲਤਾਨਪੁਰ ਦਾ ਨਾ ਚਮਕਾਉਂਦੇ ਰਹਿਣਗੇ।




ਆਵਾਜ਼ਿ ਕੌਮ AWAZE QAUM International Newspaper & WEB TV

ਮਹਾਰਾਸ਼ਟਰ ਸਰਕਾਰ ਵਲੋਂ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਸੋਧ ਦਾ ਮਾਮਲਾ

# ਸਿੱਖ ਧਰਮ ਉੱਤੇ ਹਿੰਦੂਤਵੀ ਸਰਕਾਰ ਦਾ ਸਿੱਧਾ ਅਤੇ ਖਤਰਨਾਕ ਹਮਲਾ - ਵਰਲਡ ਸਿੱਖ ਪਾਰਲੀਮੈਂਟ



**ਲੰਡਨ, 11 ਫਰਵਰੀ (ਸਰਬਜੀਤ ਸਿੰਘ ਬਨੂੜ)** - ਮਹਾਰਾਸ਼ਟਰ ਸਰਕਾਰ ਵਲੋਂ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਸੋਧ ਕਰਕੇ ਨਾਮਜ਼ਦ ਮੈਂਬਰਾਂ ਦੀ ਮਰਜ਼ੀ ਨਾਲ ਗਿਣਤੀ ਵਧਾਉਣੀ ਸਿੱਖ ਧਰਮ ਉੱਤੇ ਹਿੰਦੂਤਵੀ ਸਰਕਾਰ ਦਾ ਸਿੱਧਾ ਅਤੇ ਖਤਰਨਾਕ ਹਮਲਾ ਹੈ ਅਤੇ ਇਹ ਹਮਲਾ ਸਿੱਖਾਂ ਉੱਤੇ ਕੀਤੇ ਜਾ ਰਹੇ ਜ਼ਾਹਰਾ ਅਤੇ ਲੁਕਵੇਂ ਹਮਲਿਆ ਦੀ ਅਗਲੀ ਕੜੀ ਹੈ। ਇਨ੍ਹਾਂ ਵਿਚਾਰਾਂ ਜਾਂ ਪ੍ਰਗਟਾਵਾ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ , ਕੋ-ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ , ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਖ਼ਾਲਸਾ ਇੰਗਲੈਂਡ ,ਭਾਈ ਗੁਰਪਾਲ ਸਿੰਘ , ਭਾਈ ਜਤਿੰਦਰ ਸਿੰਘ ਜਰਮਨੀ, ਭਾਈ ਜਸਵਿੰਦਰ ਸਿੰਘ, ਭਾਈ ਹਰਜੀਤ ਸਿੰਘ, ਹਰਜੋਤ ਸਿੰਘ ਸੰਧੂ ਹਾਲੈਂਡ, ਭਾਈ ਸਤਨਾਮ ਸਿੰਘ, ਭਾਈ ਸ਼ਿਗਾਰਾ ਸਿੰਘ ਮਾਨ ਫਰਾਂਸ ਅਤੇ ਭਾਈ ਕੁਲਦੀਪ ਸਿੰਘ ਬੈਲਜੀਅਮ ਨੇ ਇੱਕ ਪ੍ਰੈੱਸ ਬਿਆਨ ਵਿੱਚ ਆਖੇ। ਆਗੂਆਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਭਾਰਤ ਦੀ ਸਤਾ ਤੇ ਕਾਬਜ਼ ਬ੍ਰਾਹਮਣਵਾਦੀ ਸੋਚ ਦੀ ਧਾਰਨੀ ਮੋਦੀ ਸਰਕਾਰ ਸਿਧਾਂਤਕ ਤੌਰ ਤੇ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਸਮਝਦੀ ਹੈ ਅਤੇ ਉਹ ਸਿੱਖ ਕੌਮ ਦੀ ਨਿਆਰੀ ਹੋਂਦ ਹਸਤੀ ਨੂੰ ਬਰਦਾਸ਼ਤ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਸਿੱਖੀ ਦੇ ਕੇਂਦਰ ਹਨ ਅਤੇ ਮੌਜੂਦਾ ਸਰਕਾਰ ਸਿੱਖੀ ਦੇ ਇਹਨਾਂ ਕੇਂਦਰਾਂ ਉੱਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਕਬਜ਼ੇ ਲਈ ਬਜ਼ਿੱਦ ਹੈ ਜਦਕਿ ਅਜ਼ਾਦੀ ਪਸੰਦ ਸਿੱਖਾਂ ਦਾ ਮੰਨਣਾ ਹੈ ਕਿ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿਰਫ ਸੁਹਿਰਦ ਅਤੇ ਸਿੱਖੀ ਸਿਧਾਂਤਾਂ ਨੂੰ ਪ੍ਰਣਾਏ ਸਿੱਖਾ ਦੁਆਰਾ ਹੀ ਕੀਤਾ ਜਾਣਾ ਚਾਹੀਦਾ ਹੈ ਅਤੇ ਗੁਰਦੁਆਰਾ ਪ੍ਰਬੰਧ ਅੰਦਰ ਵੋਟ ਪ੍ਰਣਾਲੀ ਸਿੱਖਾਂ ਸਿਧਾਂਤਾਂ ਦੇ ਵਿਰੁੱਧ ਹੈ ਅਤੇ ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਮੋਦੀ ਸਰਕਾਰ ਵੱਲੋਂ ਸਿੱਖਾਂ ਨੂੰ ਆਪਣੇ ਹੱਕ ਵਿੱਚ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਪੰਜਾਬ ਅੰਦਰ ਕੁਝ ਸਿੱਖ ਚਿਹਰਿਆਂ ਨੂੰ ਚੋਗਾ ਪਾ ਕੇ ਆਪਣੇ ਹੱਕ ਵਿੱਚ ਸਿੱਖਾਂ ਨੂੰ ਭੁਗਤਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਸ ਕਵਾਇਦ ਦੀ ਨਾਕਾਮੀ ਤੋਂ ਬਾਅਦ ਹੁਣ ਇਹ ਮੌਜੂਦਾ ਸਰਕਾਰ ਸਿੱਖਾਂ ਦੇ ਗੁਰਧਾਮਾਂ ਉੱਤੇ ਸਿੱਧੇ ਕਬਜ਼ਾ ਕਰਨ ਤੇ ਉੱਤਰ ਆਈ ਹੈ। ਵਰਲਡ ਸਿੱਖ ਪਾਰਲੀਮੈਂਟ

### ਦਿੱਲੀ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਿੰਦੂਤਵੀ ਤਾਕਤਾਂ ਦੇ ਹੱਥ ਠੋਕਿਆ ਦਾ ਕਬਜ਼ਾ

ਮੈਂਬਰਾਂ ਨੇ ਕਿਹਾ ਕਿ ਸਿੱਖ ਵਿਰੋਧੀ ਐਲ ਕੇ ਅਡਵਾਨੀ ਅਤੇ ਪੀ ਵੀ ਨਰਸਿਮ੍ਹਾਂ ਰਾਓ ਨੂੰ ਭਾਰਤ ਰਤਨ ਦੇਣ ਦਾ ਐਲਾਨ ਕਰਨਾ ਸਿੱਖਾਂ ਦੇ ਅੱਲ੍ਹੇ ਜ਼ਖ਼ਮਾਂ ਤੇ ਲੂਣ ਛਿੜਕਣ ਬਰਾਬਰ ਹੈ। ਐਲ ਕੇ ਅਡਵਾਨੀ ਨੇ ਭਾਰਤ ਸਰਕਾਰ ਨੂੰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਲਈ ਉਕਸਾਇਆ ਸੀ 1984 ਵਿੱਚ ਸਿੱਖ ਨਸਲਕੁਸ਼ੀ ਵੇਲੇ ਹੋਮ ਮਨਿਸਟਰ ਨਰਸਿਮਾ ਰਾਓ ਨੇ 90ਵਿਆਂ ਵਿੱਚ ਸਿੱਖ ਨੌਜਵਾਨੀ ਦਾ ਬੇਦਰੇਗ. ਹੋ ਕੇ ਘਾਣ ਕੀਤਾ ਸੀ। ਵਰਲਡ ਸਿੱਖ ਪਾਰਲੀਮੈਂਟ ਮੈਂਬਰਾਂ ਨੇ ਕਿਹਾ ਕਿ

ਦਿੱਲੀ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਿੰਦੂਤਵੀ ਤਾਕਤਾਂ ਦੇ ਹਥ ਠੋਕਿਆ ਦਾ ਕਬਜ਼ਾ ਹੋ ਚੁੱਕਾ ਹੈ ਅਤੇ ਉਹ ਸਿੱਖੀਂ ਦਾ ਵੱਡਾ ਪੱਧਰ ਤੇ ਘਾਣ ਕਰ ਰਹੇ ਹਨ। ਵਿਦੇਸ਼ੀ ਸਿੱਖਾਂ ਨੇ ਕਿਹਾ ਕਿ ਸਿੱਖਾਂ ਦੇ ਗੁਰਧਾਮ ਕਿਸੇ ਸਰਕਾਰ ਦੀ ਮਲਕੀਅਤ ਨਹੀਂ ਹਨ ਬਲਕਿ ਸਿੱਖਾਂ ਦੀ ਅੱਡਰੀ ਹੋਂਦ ਹਸਤੀ ਦਾ ਪ੍ਰਤੀਕ ਹਨ। ਇਹਨਾਂ ਨੂੰ ਅਜ਼ਾਦ ਰੱਖਣ ਲਈ ਹਰ ਜ਼ਰੂਰੀ ਕਦਮ ਚੁੱਕਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਦੀ ਮੌਜੂਦਾ ਸਿਆਸੀ ਲੀਡਰ ਜੋ ਕਿ ਇੰਡੀਆਂ ਦੇ ਸੰਵਿਧਾਨ ਉੱਤੇ ਨਿਸਚਾ ਰੱਖਦੀ ਹੈ ਉਹ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖ ਕੇ ਸਿੱਖ ਧਰਮ ਦੀ ਹਾਨੀ ਸਹਿਜੇ ਹੀ ਬਰਦਾਸ਼ਤ ਕਰ ਲੈਂਦੀ ਹੈ। ਹਿੰਦੂਤਵੀ ਤਾਕਤਾਂ ਵਲੋਂ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਉੱਤੇ ਕਬਜ਼ੇ ਨੂੰ ਵੀ ਇਹ ਲੀਡਰਸ਼ਿਪ ਗੱਲਬਾਤ ਨਾਲ ਅਤੇ ਝੂਠੇ ਸਰਕਾਰੀ ਵਾਅਦਿਆਂ ਨਾਲ ਨਿਪਟਾਉਣ ਦੀ ਕੋਸ਼ਿਸ਼ ਕਰੇਗੀ ਜਿਸ ਦੇ ਨਤੀਜੇ ਮੁੜ ਸਿੱਖ ਨਸਲਕੁਸੀ ਹੋਵੇਗਾ। ਸੁਹਿਰਦ ਸਿੱਖਾਂ ਨੂੰ ਚੇਤੰਨ ਰਹਿਣਾ ਚਾਹੀਦਾ ਹੈ ਕਿ ਸਿੱਧੇ ਜਾਂ ਅਸਿੱਧੇ ਤੌਰ ਤੇ ਗੁਰਦੁਆਰਾ ਸਾਹਿਬ ਅੰਦਰ ਕਿਸੇ ਰੂਪ ਵਿੱਚ ਵੀ ਭਾਰਤ ਸਰਕਾਰ ਦਾ ਦਖਲ ਨਾ ਹੋਵੇ।

# ਪਿੰਡ ਗੁਰੂਸਰ, ਜਗਾ ਰਾਮ ਤੀਰਥ ਅਤੇ ਲਾਲੇਆਣਾ ਤੋਂ ਵੱਡੀ ਗਿਣਤੀ ਕਾਂਗਰਸੀ ਸਮਰਾਲਾ ਕਨਵੈਨਸ਼ਨ ਲਈ ਹੋਏ ਰਵਾਨਾ







ਤਲਵੰਡੀ ਸਾਬੋ, 11 ਫਰਵਰੀ (ਗੁਰਜੰਟ ਸਿੰਘ ਨਥੇਹਾ)- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਸਮਰਾਲਾ ਵਿਖੇ 11 ਫਰਵਰੀ ਨੂੰ ਕਰਵਾਈ ਗਈ ਪਹਿਲੀ ਸੂਬਾਈ ਕਨਵੈਨਸ਼ਨ ਵਿੱਚ ਸ਼ਮੂਲੀਅਤ ਲਈ ਅੱਜ ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡਾਂ ਗੁਰੂਸਰ, ਜਗਾ ਰਾਮ ਤੀਰਥ ਅਤੇ ਲਾਲੇਆਣਾ ਤੋਂ ਕਾਂਗਰਸੀ ਆਗੂਆਂ ਦੇ ਵੱਡੇ ਜਥੇ ਰਵਾਨਾ ਹੋਏ। ਜਥੇ ਦੀ ਰਵਾਨਗੀ ਸਮੇਂ ਗੱਲਬਾਤ ਕਰਦਿਆਂ ਸੀਨੀਅਰ ਆਗੂ ਭਾਗ ਸਿੰਘ ਕਾਕਾ ਸਾਬਕਾ ਸਰਪੰਚ ਗੁਰੂਸਰ, ਸੁਰਜੀਤ ਸਿੰਘ ਸ਼ਿੰਦੀ ਪੰਚ ਜਗਾ ਰਾਮ ਤੀਰਥ, ਗੁਰਮੀਤ ਸਿੰਘ ਠੇਕੇਦਾਰ ਜਗਾ, ਜੱਟਮਹਾਂ ਸਭਾ ਦੇ ਹਲਕਾ ਪ੍ਰਧਾਨ ਮਨਜੀਤ ਸਿੰਘ ਲਾਲੇਆਣਾ, ਸੀਨੀਅਰ ਆਗੂ ਗੁਰਪਾਲ ਸਿੰਘ ਨੰਬਰਦਾਰ ਲਾਲੇਆਣਾ ਅਤੇ ਤਰਸੇਮ ਸਿੰਘ ਲਾਲੇਆਣਾ ਆਦਿ ਆਗੂਆਂ ਨੇ ਦੱਸਿਆ ਕਿ ਕਾਂਗਰਸ ਦੇ ਸੀਨੀਅਰ ਆਗੂ ਸ੍ਰ. ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਦੇ ਨਿਰਦੇਸ਼ਾਂ ਤੇ ਪਿੰਡਾਂ ਚੋਂ ਵੱਡੀ ਗਿਣਤੀ ਕਾਂਗਰਸੀ ਆਗੂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਸਮਰਾਲਾ ਵਿਖੇ ਕਰਵਾਈ ਜਾਣ ਵਾਲੀ ਪਹਿਲੀ ਸੂਬਾਈ ਕਨਵੈਨਸ਼ਨ ’ਚ ਸ਼ਮੂਲੀਅਤ ਲਈ ਰਵਾਨਾ ਹੋਏ। ਉਨਾਂ ਕਿਹਾ ਕਿ ਕਨਵੈਨਸ਼ਨ ’ਚ ਕੁਲ ਹਿੰਦ ਕਾਂਗਰਸ ਪ੍ਰਧਾਨ ਮੱਲਿਕਾ ਅਰਜੁਨ ਖੜਗੇ ਦੀ ਆਮਦ ਸਬੰਧੀ ਵਰਕਰਾਂ ’ਚ ਖਾਸ ਉਤਸ਼ਾਹ ਸੀ। ਉਨਾਂ ਉਮੀਦ ਪ੍ਰਗਟਾਈ ਕਿ ਇਹ ਕਨਵੈਨਸ਼ਨ ਵਰਕਰਾਂ ’ਚ ਨਵੀਂ ਰੂਹ ਦਾ ਸੰਚਾਰ ਕਰੇਗੀ ਜਿਸਦੇ ਚਲਦਿਆਂ ਕਾਂਗਰਸ ਪਾਰਟੀ ਲੋਕ ਸਭਾ ਚੋਣਾਂ ’ਚ ਸ਼ਾਨਦਾਰ ਪ੍ਰਦਰਸ਼ਨ ਕਰੇਗੀ। ਆਗੂਆਂ ਨੇ ਇਸ ਮੌਕੇ ਦਾਅਵਾ ਕੀਤਾ ਕਿ ਅੱਗੇ ਵੀ ਜੀਤਮਹਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਕਾਂਗਰਸੀ ਵਰਕਰ ਪਾਰਟੀ ਦੇ ਹਰ ਪ੍ਰੋਗਰਾਮ ’ਚ ਵਧ ਚੜ੍ਹ ਕੇ ਸ਼ਮੂਲੀਅਤ ਕਰਨਗੇ ਤਾਂ ਕਿ ਪਾਰਟੀ ਨੂੰ ਹਰ ਫਰੰਟ ’ਤੇ ਹੋਰ ਮਜ਼ਬੂਤ ਬਣਾਇਆ ਜਾ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪੰਜਾਬ ਸਰਕਾਰ ਸਿਹਤ ਅਤੇ ਤੰਦਰੁਸਤੀ ਸੈਂਟਰਾਂ ਬਾਰੇ ਕਿਉਂ ਨਹੀਂ ਬੋਲਦੀ : ਡਾ ਦਲੇਰ ਸਿੰਘ ਮੁਲਤਾਨੀ

**ਚੌਕ ਮਹਿਤਾ 11ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਅਤੇ ਤੰਦਰੁਸਤੀ ਸੈਂਟਰ ( ਐਚ ਡਬਲਯੂ ਸੀ ਜੋ 2018-19 ਵਿੱਚ ਭਾਰਤ ਸਰਕਾਰ ਵੱਲੋਂ ਚਲਾਈ ਸਕੀਮ ਤਹਿਤ ਸਾਰੇ ਭਾਰਤ ਵਿੱਚ ਤਕਰੀਬਨ ਡੇਢ ਲੱਖ ਸੈਂਟਰ ਹਨ ਅਤੇ ਉਸ ਵਿੱਚੋਂ 4200 ਦੇ ਕਰੀਬ ਪੰਜਾਬ ਦੇ ਹਿੱਸੇ ਵੀ ਆਏ ਪਰ ਪਿਛਲੀ ਸਰਕਾਰ ਨੇ ਤਕਰੀਬਨ ਇੱਕ ਸਾਲ ਤਾਂ ਕਾਗਜ਼ਾਂ ਵਿੱਚ ਦੱਬੀ ਰੱਖੇ ਤੇ ਜੇ ਕਾਗਜ਼ਾਂ ਤੋਂ ਬਾਹਰ ਕੱਢੇ ਤਾਂ ਪਹਿਲਾਂ ਬਣੇ ਸਬ ਸੈਂਟਰਾਂ ( ਸਿਹਤ ਮਹਿਕਮੇ ਦਾ ਸਭ ਤੋਂ ਛੋਟਾ ਯੂਨਿਟ ) ਵਿੱਚ ਵਾੜ ਦਿੱਤੇ ।

ਭਾਵੇਂ ਇਹ ਸੈਂਟਰ ਹੁਣ ਕੰਮ ਕਰ ਰਹੇ ਪਰ ਇਹ ਸੈਂਟਰਾਂ ਦਾ ਬਹੁਤਾ ਕੰਮ ਪਹਿਲਾਂ ਬਣੇ ਸੈਂਟਰਾਂ ਵਿੱਚ ਹੋਣ ਕਰਕੇ ਲੋਕਾਂ ਨੂੰ ਪੂਰੀ ਸੇਵਾ ਨਹੀਂ ਦੇ ਸਕਦੇ ਨਾਲੇ ਸਬ ਸੈਂਟਰ ਅਤੇ ਐਚ ਡਬਲਯੂ ਸੈਂਟਰ ਦੀਆਂ ਕਈ ਸੇਵਾਂਵਾਂ ਨੂੰ ਇੱਕ ਦੂਜੇ ਦੇ ਉੱਤੇ ਥੋਪ ਦਿੱਤਾ ਤੇ ਸਟਾਫ ਦੀ ਆਪਸ ਵਿਚ ਵੀ ਲੜਾਈ ਕਰਵਾ ਦਿੱਤੀ ਇਹਨਾਂ ਸ਼ਬਦਾ ਦਾ ਪ੍ਰਗਟਾਵਾ ਡਾ ਦਲੇਰ ਸਿੰਘ ਮੁਲਤਾਨੀ ਰਿਟਾ ਸਿਵਲ ਸਰਜਨ ਨੇ ਪੱਤਰਕਾਰ ਮਿਲਣੀ ਦੌਰਾਨ ਕੀਤਾ ਉਨ੍ਹਾਂ ਕਿਹਾ ਕਿ ਅਸਲ ਵਿੱਚ ਸਿਹਤ ਅਤੇ ਤੰਦਰੁਸਤੀ ਸੈਂਟਰ ਦਾ ਮੁੱਖ ਮਕਸਦ ਲੋਕਾਂ ਦੀਆਂ ਰੋਜ਼ਾਨਾ ਜੀਵਨ ਜਾਂਚ ਬਿਮਾਰੀਆਂ ਜਿਸ ਵਿੱਚ ਖਾਸ ਕਰਕੇ ਮੁੱਖ ਬਿਮਾਰੀਆਂ ਸ਼ੂਗਰ, ਬਲੱਡ ਪ੍ਰੈਸ਼ਰ ,ਕੈਂਸਰ ,ਮਾਨਸਿਕ ਬਿਮਾਰੀਆਂ ਬਾਰੇ ਜਾਗਰੂਕ ਕਰਨਾ ਅਤੇ ਡਾਕਟਰਾਂ ਦੀ ਸਲਾਹ ਲੈ ਕੇ ਇਲਾਜ ਕਰਨਾ ਹੈ

ਇਸ ਸੈਂਟਰ ਨੂੰ ਚਲਾਉਣ ਵਾਲੇ ਕਰਮਚਾਰੀ ਨੂੰ ਕੁਮਿਓਨਟੀ ਹੈਲਥ ਅਫਸਰ (ਸੀ ਐਚ ਓ ) ਦਾ ਨਾਮ ਦਿੱਤਾ ਗਿਆ ਜੋ ਟ੍ਰੇਂਡ ਸਟਾਫ ਨਰਸ ਅਤੇ ਹੁਣ ਕਈ ਥਾਂ ਤੇ ਆਯੁਰਵੈਦਿਕ ਡਾਕਟਰ ਵੀ ਭਰਤੀ ਕੀਤੇ ਗਏ ਹਨ ਪਰ ਸਵਾਲ ਵੱਡਾ ਇਹ ਹੈ ਕਿ ਇਹਨਾਂ ਸੈਂਟਰਾਂ ਬਾਰੇ ਸਟੇਟ ਸਰਕਾਰ ਚੁੱਪ ਕਿਉਂ ਹੈ ? ਜਦੋਂ ਕਿ ਇਹਨਾਂ ਸੇਵਾਵਾਂ ਨੂੰ ਮਿਡ ਲੈਵਲ ਸਰਵਿਸ ਦਾ ਨਾਮ ਦਿੱਤਾ ਗਿਆ ਜੋ ਆਮ ਮਰੀਜ਼ਾਂ ਅਤੇ ਡਾਕਟਰਾਂ ਵਿਚਾਲੇ ਇੱਕ ਵੱਡੀ ਕੜੀ ਬਣ ਸਕਦੀਆਂ ਤੇ ਪਿੰਡਾਂ ਦੇ ਲੋਕਾਂ ਨੂੰ ਵੱਡੀਆਂ ਅਤੇ ਮੁਫ਼ਤ ਸੇਵਾਵਾਂ ਦੇ ਸਕਦੀਆਂ। ਯਾਦ ਰੱਖੋ ਇਹ ਭਾਰਤ ਸਰਕਾਰ ਦਾ ਸੌ ਪ੍ਰੀਸ਼ਤ ਸਪੌਨਸਰਡ ਸਕੀਮ ਹੈ ਪਰ ਕਿਉਂਕਿ ਇਹ ਭਾਰਤ ਸਰਕਾਰ ਦੀ ਸਕੀਮ ਹੈ ਇਸ ਕਰਕੇ ਪੰਜਾਬ ਸਰਕਾਰ ਇਸ ਸਕੀਮ ਨੂੰ ਲੋਕਾਂ ਵਿੱਚ ਲਿਜਾਉਣ ਤੋਂ ਕੰਨੀ ਕਤਰਾਉਂਦੀ ਤੇ ਲੁਕ ਛਿਪ ਕੇ ਚਲਾ ਰਹੀ ਪਰ ਪੈਸੇ ਭਾਰਤ ਸਰਕਾਰ ਕੋਲ਼ੋਂ ਵਸੂਲ ਕੇ ਇਧਰ ਉਧਰ ਵੀ ਕਰ ਰਹੀ। ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਤੋਂ ਪੰਜਾਬ ਸਰਕਾਰ ਦੇ ਕੁਝ ਪੈਸੇ ਭਾਰਤ ਸਰਕਾਰ ਨੇ ਰੋਕੇ ਹੋਏ ਨੇ ਕਿਉਂਕਿ ਪੰਜਾਬ ਸਰਕਾਰ ਨੇ ਕਈ ਸਕੀਮਾਂ ਵਿੱਚ ਆਏ ਪੈਸੇ ਦੀ ਗਲਤ ਵਰਤੋਂ ਕੀਤੀ ਹੋਈ ਤੇ ਹੁਣ ਉਸ ਦਾ ਹਿਸਾਬ ਭਾਰਤ ਸਰਕਾਰ ਨੂੰ ਨਹੀਂ ਦੇ ਰਹੀ।



ਸਰਕਾਰ ਨੂੰ ਫਿਰ ਬੇਨਤੀ ਹੈ ਜੋ ਕਿ ਮੈਂ ਸ਼ੁਰੂ ਤੋਂ ਕਰਦਾ ਆ ਰਿਹਾ ਹਾਂ ਕਿ ਸਿਹਤ ਅਤੇ ਤੰਦਰੁਸਤੀ ਸੈਂਟਰ ਜੋ ਕੁੱਜੇ ਵਿੱਚ ਬੰਦ ਕਰੀ ਬੈਠੀ , ਉਸ ਨੂੰ ਉਹਨਾਂ ਪਿੰਡਾਂ ਵਿੱਚ ਖੋਲੋ ਜਿੱਥੇ ਪਹਿਲਾਂ ਕੋਈ ਸਿਹਤ ਸਹੂਲਤ ਨਹੀਂ ਤਾਂ ਕਿ ਲੋਕਾਂ ਦਾ ਭਲਾ ਹੋ ਸਕੇ।ਪੰਜਾਬ ਵਿੱਚ ਤਕਰੀਬਨ 12500 ਪਿੰਡ ਹਨ ਜਿਸ ਵਿੱਚ ਤਕਰੀਬਨ 3000 ਪਿੰਡਾਂ ਵਿੱਚ ਹੀ ਛੋਟੀਆਂ ਵੱਡੀਆਂ ਸਿਹਤ ਸਹੂਲਤਾਂ ਹਨ ।

ਜੇਕਰ 4200 ਪਿੰਡਾਂ ਵਿੱਚ ਇਹ ਸਿਹਤ ਅਤੇ ਤੰਦਰੁਸਤੀ ਸੈਂਟਰ ਖੁੱਲ ਜਾਂਦੇ ਹਨ ਤਾਂ ਪੰਜਾਬ ਦੇ ਬਹੁਤੇ ਪਿੰਡਾਂ ਵਿੱਚ ਸਿਹਤ ਸਹੂਲਤਾਂ ਮਿਲਣ ਲੱਗ ਜਾਣਗੀਆਂ ਪੰਜਾਬ ਸਰਕਾਰ ਜੀ ਝੂਠੀਆਂ ਇਸ਼ਿਤਹਾਰਬਾਜੀਆਂ ਵਿੱਚੋਂ ਬਾਹਰ ਆਓ , ਲੋਕਾਂ ਨੂੰ ਆਮ ਆਦਮੀ ਕਲੀਨਿਕ ਦੇ ਨਾਮ ਤੇ ਗੁਮਰਾਹ ਨਾ ਕਰੋ ਅਤੇ ਸੱਚ ਤੇ ਕੰਮ ਕਰੋ ਤੇ ਲੋਕਾਂ ਦਾ ਭਲਾ ਕਰੋ ।

ਬਹੁਤ ਹਾਸਾ ਆਉਂਦਾ ਇਸ ਸਰਕਾਰ ਤੇ ਜਦੋਂ ਭਾਰਤ ਸਰਕਾਰ ਵੱਲੋਂ ਸਬ ਸੈਂਟਰ / ਤੰਦਰੁਸਤੀ ਅਤੇ ਸਿਹਤ ਸੈਂਟਰ ਦੀਆਂ ਬਿਲਡਿੰਗਾਂ ਦੇ ਪੈਸੇ ਆਏ ਤਾਂ ਉਹਨਾਂ ਨੂੰ ਵੀ ਆਮ ਆਦਮੀ ਕਲੀਨਕ ਦੀ ਬਿਲਡਿੰਗ ਕਹਿ ਕੇ ਪ੍ਰਚਾਰਿਆ ਗਿਆ ਜਦੋਂ ਕਿ ਆਮ ਆਦਮੀ ਕਲੀਨਿਕ ਨਾਮ ਦੀ ਕੋਈ ਸਕੀਮ / ਪੈਸੇ ਨਹੀਂ । ਹੁਣ ਤਾਂ ਹੋਰ ਵੀ ਹਾਸਾ ਆਉਂਦਾ ਇਸ ਸਰਕਾਰ ਤੇ ਜਦੋਂ ਕਹਿ ਰਹੇ ਕਿ ਪੰਜਾਬ ਵਿਚ ਕੈਂਸਰ ਘੱਟ ਗਿਆ ਕਿਉਂਕਿ ਆਮ ਆਦਮੀ ਕਲੀਨਿਕ ਨੇ ਕੈਂਸਰ ਨੂੰ ਫੂਕ ਮਾਰ ਕੇ ਉਡਾ ਦਿੱਤਾ ਅੰਤ ਵਿੱਚ ਬੋਲਦਿਆਂ ਡਾ ਮੁਲਤਾਨੀ ਨੇ ਕਿਹਾ ਕਿ ਮੈਂ ਕਹਿਣਾ ਨਹੀਂ ਚਾਹੁੰਦਾ ਪਰ ਝੂਠ ਮਾਰਨ ਵਿੱਚ ਆਮ ਆਦਮੀ ਸਰਕਾਰ ਨੂੰ ਨੋਬਲ ਪ੍ਰਾਈਜ਼ ਮਿਲਣਾ ਚਾਹੀਦਾ।

# ਸਿੱਖ ਕੌਮ ਦੇ ਦਿਲਾਂ 'ਚ ਵੱਸਦਾ ਕੌਮੀ ਯੋਧਾ ਦੀਪ ਸਿੱਧੂ

**ਕੌਮੀ ਯੋਧਾ** ਭਾਈ ਸੰਦੀਪ ਸਿੰਘ ਦੀਪ ਸਿੱਧੂ ਭਾਵੇਂ ਦੋ ਸਾਲ ਪਹਿਲਾਂ ਸਰੀਰਕ ਪੱਖੋਂ ਸਾਥੋਂ ਵਿਛੜ ਗਿਆ ਸੀ ਪਰ ਉਹ ਸਿੱਖ ਨੌਜਵਾਨਾਂ ਦੇ ਦਿਲਾਂ 'ਚ ਹਰ ਪਲ ਧੜਕਦਾ ਹੈ। ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ ਤਿਉਂ-ਤਿਉਂ ਹੀ ਉਸ ਦੇ ਬੋਲਾਂ ਦੀ ਅਹਿਮੀਅਤ ਵੱਧਦੀ ਜਾਂਦੀ ਹੈ। ਸਿੱਖ ਨੌਜਵਾਨੀ ਉਸ ਨੂੰ ਅੰਤਾਂ ਦਾ ਪਿਆਰ ਕਰਦੀ ਹੈ, ਉਹ ਨੌਜਵਾਨੀ ਦਾ ਰੋਲ ਮਾਡਲ ਬਣ ਚੁੱਕਾ ਹੈ, ਉਸ ਦੀਆਂ ਤਕਰੀਰਾਂ ਅੱਜ ਵੀ ਨਵੀਆਂ ਤੇ ਤਾਜੀਆਂ ਲਗਦੀਆਂ ਹਨ ਤੇ ਸੇਧ ਬਖ਼ਸ਼ਦੀਆਂ ਹਨ। ਦੀਪ ਸਿੱਧੂ ਦੀ ਸ਼ਖ਼ਸੀਅਤ ਬੜੀ ਮਨਮੋਹਕ ਅਤੇ ਹਰਮਨ-ਪਿਆਰੀ ਸੀ। ਉਸ ਦੀ ਬਹੁ-ਪੱਖੀ ਸ਼ਖ਼ਸੀਅਤ ਨੂੰ ਸ਼ਬਦਾਂ 'ਚ ਬਿਆਨਣਾ ਸੁਖਾਲਾ ਨਹੀਂ ਹੈ, ਉਹ ਬਹੁ-ਪੱਖੀ ਪ੍ਰਤਿਭਾ ਦਾ ਧਨੀ ਸੀ। ਉਸ ਅੰਦਰ ਕੌਮ ਪ੍ਰਤੀ ਅਥਾਹ ਜਜ਼ਬਾ ਅਤੇ ਪਿਆਰ ਸੀ ਜੋ ਉਸ ਨੂੰ 'ਹੋਂਦ ਦੀ ਲੜਾਈ' ਲੜਨ ਲਈ ਵੰਗਾਰਦਾ ਸੀ ਤਾਂਹੀਂ ਤਾਂ ਦੀਪ ਕਹਿੰਦਾ ਹੁੰਦਾ ਸੀ ਕਿ "ਸਾਡੀ ਲੜਾਈ ਹੋਂਦ ਦੀ ਲੜਾਈ ਹੈ, ਪਛਾਣ ਦੀ ਲੜਾਈ ਹੈ। ਏਸ ਧਰਤੀ 'ਤੇ ਸਾਡਾ ਖ਼ੂਨ ਡੁੱਲ੍ਹਿਆ, ਅਸੀਂ ਸੰਘਰਸ਼ ਕੀਤੇ ਐ, ਸੋ ਏਸ ਧਰਤੀ 'ਤੇ ਦਾਅਵਾ ਸਾਡਾ ਹੈ। ਕੋਈ ਹੋਰ ਇੱਥੇ ਆ ਕੇ ਕਿਵੇਂ ਦਾਅਵਾ ਕਰ ਸਕਦਾ ਹੈ ?"

ਇਸ ਵਾਰ 26 ਜਨਵਰੀ ਨੂੰ ਫਿਰ ਸਿੱਖ ਕੌਮ ਨੂੰ ਫਿਰ ਇਹ ਅਹਿਸਾਸ ਹੋਇਆ ਕਿ ਦੀਪ ਦੀ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਦੀਪ ਸਿੱਧੂ ਅਤੇ ਜੁਗਰਾਜ ਸਿੰਘ ਨੇ ਉਹ ਕਰ ਵਿਖਾਇਆ ਜੋ ਜਥੇਦਾਰ ਬਘੇਲ ਸਿੰਘ ਨੇ ਕੀਤਾ ਸੀ। 238 ਸਾਲਾਂ ਬਾਅਦ ਓਹੀ ਇਤਿਹਾਸ ਮੁੜ ਦੁਹਰਾਇਆ ਗਿਆ। ਦਿੱਲੀ ਦੇ ਲਾਲ ਕਿਲ੍ਹੇ ਉੱਤੇ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਅ ਕੇ ਹਿੰਦੁਤਵ ਉੱਤੇ ਖ਼ਾਲਸੇ ਦੀ ਜਿੱਤ ਦਾ ਬਾਖ਼ੂਬੀ ਪ੍ਰਗਟਾਵਾ ਕੀਤਾ ਗਿਆ। ਦੀਪ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ ਹਿੰਦ ਸਰਕਾਰ ਦੇ ਪਰਖੱਚੇ ਉਡਾ ਦਿੱਤੇ। ਭਾਰਤੀਆਂ ਦਾ ਗਣਤੰਤਰ ਦਿਵਸ ਮਿੱਟੀ 'ਚ ਮਿਲ਼ਾ ਦਿੱਤਾ ਤੇ ਹੁਣ 26 ਜਨਵਰੀ ਸਦੀਆਂ ਤਕ ਦੀਪ ਸਿੱਧੂ ਦੇ ਨਾਂਅ 'ਤੇ ਰਹੇਗੀ।

ਦੀਪ ਸਿੱਧੂ ਨੇ ਸੱਚਮੁੱਚ ਇੱਕ ਵਾਰ ਫਿਰ ਅਵੇਸਲੀ ਹੋਈ ਸਿੱਖ ਕੌਮ ਨੂੰ ਐਸਾ ਹਲੂਣਿਆ ਕਿ ਕੌਮ ਆਪਣੇ ਧਰਮ, ਇਤਿਹਾਸ ਤੇ ਅਮੀਰ ਵਿਰਸੇ ਨਾਲ਼ ਜੁੜ ਗਈ। ਦੀਪ ਇੱਕ ਵਿਅਕਤੀ ਨਹੀਂ, ਇੱਕ ਸੋਚ ਸੀ, ਇੱਕ ਐਸੀ ਜਗਦੀ ਮਸ਼ਾਲ ਸੀ ਜੋ ਆਪਣੇ ਗਿਆਨ ਦੀ ਰੌਸ਼ਨੀ ਨਾਲ਼ ਘੁੱਪ-ਹਨੇਰਾ ਦੂਰ ਕਰਕੇ ਸਮਾਜ 'ਚ ਇੱਕ ਨਵੀਂ ਕ੍ਰਾਂਤੀ ਲਿਆ ਰਹੀ ਸੀ। ਦੀਪ ਨੇ ਭਾਰਤੀ ਬ੍ਰਿਤਾਂਤ ਦੇ ਸਾਹਮਣੇ ਐਸਾ ਸਿੱਖ ਬ੍ਰਿਤਾਂਤ ਸਿਰਜਿਆ ਕਿ ਜਿਸ ਨੇ ਦੁਸ਼ਮਣਾਂ ਨੂੰ ਤਰੇਲੀਆਂ ਲਿਆ ਦਿੱਤੀਆਂ। ਦੀਪ ਦੇ ਬੋਲਾਂ 'ਚ ਪੰਥ ਅਤੇ ਪੰਜਾਬ ਦੀ ਅਣਖ਼ ਬੋਲਦੀ ਸੀ। ਫਿਲਮ ਇੰਡਸਟਰੀ 'ਚ ਭਾਵੇਂ ਦੀਪ ਕਿੰਨੀਆਂ ਵੀ ਬੁਲੰਦੀਆਂ ਛੋਹ ਜਾਂਦਾ ਪਰ ਪੰਥ ਅਤੇ ਪੰਜਾਬ ਦੇ ਹੱਕਾਂ-ਹਿੱਤਾਂ ਦੀ ਗੱਲ ਕਰਕੇ ਜੋ ਉਸ ਨੂੰ ਮਾਣ, ਸਤਿਕਾਰ ਤੇ ਵਡਿਆਈ ਪ੍ਰਾਪਤ ਹੋਈ ਇਹ ਕਿੱਧਰੇ ਵੀ ਨਹੀਂ ਸੀ ਮਿਲਣੀ। ਅੱਜ ਦੀਪ ਸਿੱਧੂ ਦੀਆਂ ਤਸਵੀਰਾਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਤੇ ਹੋਰ ਸ਼ਹੀਦਾਂ ਨਾਲ਼ ਲਗ ਰਹੀਆਂ ਹਨ ਜੋ ਆਮ ਅਤੇ ਛੋਟੀ ਗੱਲ ਨਹੀਂ ਹੈ, ਇਹ ਵਰਤਾਰਾ ਕਿਸੇ ਭਾਗਾਂ ਵਾਲ਼ੇ ਨੂੰ ਹੀ ਪ੍ਰਾਪਤ ਹੁੰਦਾ ਹੈ।

ਦੀਪ ਸਿੱਧੂ ਨੂੰ ਕੇਵਲ ਕਿਸਾਨੀ ਮੋਰਚੇ ਤਕ ਹੀ ਸੀਮਤ ਕਰਕੇ ਨਾ ਵੇਖਿਆ ਜਾਵੇ। ਉਹ ਜੋ ਡੇਢ ਸਾਲਾਂ 'ਚ ਸਿੱਖ ਕੌਮ ਅਤੇ ਦੇਸ ਪੰਜਾਬ ਲਈ ਕਰ ਗਿਆ ਉਸ ਦੀ ਲੰਬੀ ਵਿਆਖਿਆ ਕਰਕੇ ਵੀ ਗੱਲ ਮੁੱਕਣੀ ਨਹੀਂ। ਦੀਪ ਸਿੱਧੂ ਦੀ ਸਰਗਰਮੀ ਕਰਕੇ ਨੌਜਵਾਨਾਂ 'ਚ ਵੱਡੀ ਤਬਦੀਲੀ ਆਈ ਹੈ ਤੇ ਉਹ ਪੰਥ ਅਤੇ ਪੰਜਾਬ ਪ੍ਰਤੀ ਚਿੰਤਤ ਤੇ ਸੰਘਰਸ਼ਸ਼ੀਲ ਹੋਏ ਹਨ। ਦੀਪ ਸਿੱਧੂ ਨੇ ਕਿਹਾ ਸੀ ਕਿ "ਇਹ ਸਾਡੀ ਹੋਂਦ ਦੀ ਲੜਾਈ ਹੈ।" ਤੇ ਨੌਜਵਾਨ ਅੱਜ 'ਕੌਮੀ ਹੋਂਦ' ਦੀ ਰਾਖੀ ਲਈ ਮੈਦਾਨ 'ਚ ਨਿੱਤਰ ਆਏ ਹਨ। ਦੀਪ ਨੇ ਕਾਮਰੇਡਾਂ ਨੂੰ ਵੰਗਾਰਿਆ ਸੀ ਕਿ "ਅਸੀਂ ਮੋਰਚੇ ਵੀ ਲਾਵਾਂਗੇ, ਇਕੱਠ ਕਰਕੇ ਵੀ ਵਿਖਾਵਾਂਗੇ ਤੇ ਬੰਦੀ ਸਿੰਘ ਵੀ ਛੁਡਾਵਾਂਗੇ।" ਤੇ ਅੱਜ ਚੰਡੀਗੜ੍ਹ ਦੀ ਬਰੂਹਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਲਈ ਕੌਮੀ ਇਨਸਾਫ਼ ਮੋਰਚਾ ਲੱਗਿਆ ਹੋਇਆ ਹੈ ਜਿੱਥੇ ਜਗ੍ਹਾ-ਜਗ੍ਹਾ 'ਤੇ ਦੀਪ ਸਿੱਧੂ ਦੀਆਂ ਤਸਵੀਰਾਂ ਸ਼ੋਭ ਰਹੀਆਂ ਹਨ ਤੇ ਨੌਜਵਾਨੀ 'ਚ ਨਵਾਂ ਜੋਸ਼ ਅਤੇ ਉਤਸ਼ਾਹ ਭਰ ਰਹੀਆਂ ਹਨ।



ਦੀਪ ਸਿੱਧੂ ਦੇ ਅਣਖ਼ੀਲੇ ਬੋਲਾਂ ਨੇ ਹੀ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਝੋਲ਼ੀ ਵਿੱਚ ਸੰਗਰੂਰ ਹਲਕੇ ਤੋਂ ਜਿੱਤ ਪਵਾਈ ਸੀ। ਉਸ ਦੇ ਇੱਕ-ਇੱਕ ਬੋਲ ਪੰਜਾਬ ਦੀਆਂ ਫ਼ਿਜ਼ਾਵਾਂ 'ਚ ਗੂੰਜ ਰਹੇ ਹਨ। ਦੀਪ ਨੇ ਕਿਹਾ ਸੀ ਕਿ "ਆਪਣੇ ਲੋਕਾਂ ਨੂੰ ਜਗਾਉਣ ਦੀ ਲੋੜ ਹੈ ਜਦ ਇਹ ਜਾਗ ਪਏ ਤਾਂ ਵੱਡੇ-ਵੱਡੇ ਹਾਕਮਾਂ ਦੇ ਬੁਥਾੜੇ ਭੰਨ ਦੇਣਗੇ ਤੇ ਸਿਮਰਨਜੀਤ ਸਿੰਘ ਮਾਨ ਨੂੰ ਅਜਿਹਾ ਸਮਰਥਨ ਮਿਲ਼ੇਗਾ ਕਿ 1989 ਵਾਲ਼ਾ ਇਤਿਹਾਸ ਦੁਹਰਾਇਆ ਜਾਏਗਾ।" ਦੀਪ ਸਿੱਧੂ ਨੇ ਕਿਹਾ ਸੀ ਕਿ "ਲੜਨ ਵੇਲ਼ੇ ਤੁਹਾਡਾ ਹੋਣਾ ਬਹੁਤ ਜ਼ਰੂਰੀ ਹੁੰਦਾ, ਜਸ਼ਨ 'ਚ ਤੁਸੀਂ ਸ਼ਾਮਲ ਹੋਵੋ ਜਾਂ ਨਾ ਇਹ ਗੱਲ ਮੈਟਰ ਨਹੀਂ ਕਰਦੀ।" ਪਰ ਨਹੀਂ ਵੀਰਿਆ ਤੇਰਾ ਸਾਡੇ ਵਿੱਚ ਹੋਣਾ ਬਹੁਤ ਜ਼ਰੂਰੀ ਸੀ, ਤੇਰੀ ਘਾਟ ਸਾਨੂੰ ਹਮੇਸ਼ਾਂ ਰੜਕਦੀ ਰਹੇਗੀ। ਤੂੰ ਥੋੜ੍ਹੇ ਸਮੇਂ 'ਚ ਹੀ ਬਹੁਤ ਕੁਝ ਕੌਮ ਦੀ ਝੋਲ਼ੀ ਵਿੱਚ ਪਾ ਗਿਆ ਅਸੀਂ ਸਦਾ ਤੇਰੇ ਰਿਣੀ ਰਹਾਂਗੇ।

ਦੀਪ ਸਿੱਧੂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਵੱਲੋਂ ਅਰੰਭੇ ਸਿੱਖ ਸੰਘਰਸ਼ 'ਚ ਆਈ ਖੜੋਤ ਨੂੰ ਵੀ ਤੋੜਿਆ ਤੇ ਸਿੱਖ ਜਵਾਨੀ ਨੂੰ ਮੁੜ 'ਪਾਤਸ਼ਾਹੀ ਦਾਅਵੇ' ਵੱਲ ਤੋਰਿਆ। ਦੀਪ ਸਿੱਧੂ ਨੇ ਸ਼ੰਭੂ ਮੋਰਚੇ 'ਚ ਵੀ ਕਿਹਾ ਸੀ ਕਿ "ਖ਼ਾਲਿਸਤਾਨ ਦਾ ਨਾਅਰਾ ਲਾਉਣਾ, ਮੈਂ ਫਿਰ ਕਹਿੰਨਾ ਬਈ ਸਾਡਾ ਹੱਕ ਆ, ਅਸੀਂ ਖ਼ਾਲਿਸਤਾਨ ਤੋਂ ਪਿੱਛੇ ਨਹੀਂ ਹੱਟਦੇ।" ਦੀਪ ਨੇ ਦਿੱਲੀ ਕਿਸਾਨ ਮੋਰਚੇ 'ਚ ਵੀ ਕਿਹਾ ਸੀ ਕਿ "ਹਾਂ, ਅਸੀਂ ਕਰਦੇ ਆਂ ਖ਼ਾਲਿਸਤਾਨ ਦੀ ਗੱਲ।" ਇਹ ਕਹਿੰਦਿਆਂ ਉਸ ਦੇ ਚਿਹਰੇ 'ਤੇ ਜਾਹੋ-ਜਲਾਲ ਵੇਖਣ ਵਾਲ਼ਾ ਸੀ ਤੇ ਨੌਜਵਾਨਾਂ ਨੇ ਵੀ ਬੁਲੰਦ ਆਵਾਜ਼ 'ਚ ਖ਼ਾਲਿਸਤਾਨ ਦੇ ਨਾਅਰੇ ਲਾ ਕੇ ਦਿੱਲੀ ਤਖ਼ਤ ਕੰਬਣ ਲਾ ਦਿੱਤਾ। ਕਿਸਾਨੀ ਮੋਰਚੇ ਦੀ ਜਿੱਤ ਵੇਲ਼ੇ ਦੀਪ ਸਿੱਧੂ ਨੇ ਮੈਨੂੰ ਕਿਹਾ ਕਿ "ਬਾਈ ! ਜੇ ਦਰਬਾਰ ਸਾਹਿਬ 'ਚ ਸ਼ਹੀਦੀ ਯਾਦਗਾਰ ਬਣ ਸਕਦੀ ਏ ਤਾਂ ਖ਼ਾਲਿਸਤਾਨ ਵੀ ਜ਼ਰੂਰ ਬਣੂੰਗਾ, ਹੁਣ ਉਹ ਦਿਨ ਵੀ ਦੂਰ ਨਹੀਂ।"

ਦੀਪ ਆਪਣੀਆਂ ਤਕਰੀਰਾਂ 'ਚ ਇਹ ਬੋਲ ਵਾਰ-ਵਾਰ ਦੁਹਰਾਉਂਦਾ ਹੁੰਦਾ ਸੀ ਕਿ "ਜਿਹੜੀ ਕੌਮ ਨੇ ਆਪਣਾ ਰਾਜ ਮਾਣਿਆ ਹੋਵੇ, ਉਹਦੇ ਅੰਦਰੋਂ ਨਹੀਂ ਕੱਢ ਸਕਦੇ ਆਵਦਾ ਰਾਜ ਮਾਣਨ ਦੀ ਭਾਵਨਾ। ਅਸੀਂ ਆਪਣਾ ਰਾਜ ਮਾਣਿਆ ਹੋਇਐ ਤੇ ਅਸੀਂ ਆਪਣੇ ਰਾਜ ਦੀ ਗੱਲ ਕਰਦੇ ਆਂ, ਤੁਹਾਨੂੰ ਕੀ ਪ੍ਰੋਬਲਮ ਆਂ ?" ਉਸ ਦਾ ਮੰਨਣਾ ਸੀ ਕਿ ਸਿੱਖ ਧਰਮ ਦੀ ਰਾਖੀ ਤੇ ਪ੍ਰਫੁੱਲਤਾ ਦੇ ਲਈ ਆਪਣੇ ਰਾਜ ਦਾ ਹੋਣਾ ਬਹੁਤ ਜ਼ਰੂਰੀ ਹੈ। ਦੀਪ ਦਾ ਕਹਿਣਾ ਸੀ ਕਿ "ਆਪਣਾ ਰਾਜ, ਜੇ ਕੋਈ ਕੌਮ ਮੰਗੇ ਉਹ ਤਾਂ ਮਾਣ ਵਾਲ਼ੀ ਗੱਲ ਹੁੰਦੀ ਹੈ, ਅੱਖ ਨੀਵੀਂ ਪਾਉਣ ਵਾਲ਼ੀ ਗੱਲ ਨਹੀਂ। ਇਹ ਤਾਂ ਬੜਾ ਪਾਕਿ ਤੇ ਪਵਿੱਤਰ ਜਜ਼ਬਾ। ਜੇ ਅਸੀਂ ਕਹਿੰਦੇ ਹਾਂ ਕਿ ਸਾਡਾ ਰਾਜ, ਸਾਡੀ ਕੌਮੀਅਤ ਦਾ। ਇਹ ਤਾਂ ਬਹੁਤ ਪਵਿੱਤਰ ਤੇ ਪਾਕਿ ਗੱਲ ਆ, ਇਹਦੇ ਲਈ ਤਾਂ ਸਾਨੂੰ ਮਾਣ ਹੋਣਾ ਚਾਹੀਦਾ। ਕੌਮ ਆਪਣੇ ਅੰਦਰ ਆਪਣੀ ਕੌਮੀਅਤ ਹਲੇ ਤਕ ਸਾਂਭੀ ਬੈਠੀ ਆ। ਡੇਢ ਸੌ ਸਾਲ ਦੀ ਗ਼ੁਲਾਮੀ ਸਿਰਾਂ 'ਤੇ ਆ ਪਰ ਕੌਮੀਅਤ ਅਸੀਂ ਸਾਂਭੀ ਬੈਠੇ ਹਾਂ ਤੇ ਰਾਜ ਤਾਂ ਕਿਸੇ ਹਾਲ ਨਹੀਂ ਛੱਡਾਂਗੇ।"

ਦੀਪ ਦੀਆਂ ਇਹਨਾਂ ਗੱਲਾਂ ਨਾਲ਼ ਖ਼ਾਲਿਸਤਾਨੀ ਸੰਘਰਸ਼ ਨੂੰ ਹੋਰ ਵੀ ਬਲ ਮਿਲ਼ਦਾ ਰਿਹਾ ਤੇ ਉਹ ਸਿੱਖ ਨੌਜਵਾਨਾਂ 'ਚ ਬੇਹੱਦ ਹਰਮਨ-ਪਿਆਰਾ ਹੋ ਗਿਆ। ਦੀਪ ਨੇ ਐਸ਼ੋ-ਇਸ਼ਰਤ ਦੀ ਜ਼ਿੰਦਗੀ ਛੱਡ ਕੇ ਖੰਡੇ ਦੀ ਧਾਰ ਵਾਲ਼ਾ ਰਾਹ ਚੁਣ ਲਿਆ ਸੀ। ਦੀਪ ਦੀ ਆਮਦ ਨਾਲ਼ ਨਿਘਾਰ ਦੂਰ ਹੋਇਆ ਤੇ ਨੌਜਵਾਨਾਂ ਦੇ ਕਿਰਦਾਰ, ਇਖ਼ਲਾਕ ਤੇ ਈਮਾਨ ਉੱਚੇ-ਸੁੱਚੇ ਹੋ ਗਏ ਅਤੇ ਨਿਰਾਸ਼ਾ 'ਚ ਡੁੱਬੇ ਤੇ ਹੱਥ 'ਤੇ ਹੱਥ ਧਰ ਕੇ ਬੈਠੇ ਨੌਜਵਾਨ ਵੀ ਮੋਦੀ ਹਕੂਮਤ ਨਾਲ਼ ਟੱਕਰ ਲੈਣ ਲਈ ਕਮਰਕੱਸੇ ਕਰ ਕੇ ਨਿੱਤਰ ਪਏ ਸਨ।

ਦੀਪ ਸਿੱਧੂ ਬੰਬੇ ਤੋਂ ਪੰਜਾਬ ਵੱਲ ਕੋਈ ਲਾਲਸਾ ਲੈ ਕੇ ਨਹੀਂ ਸੀ ਤੁਰਿਆ ਉਹ ਨਿਰਲੇਪ ਹੋ ਕੇ ਆਪਣੀ ਮੰਜਿਲ ਵੱਲ ਵਧਦਾ ਜਾ ਰਿਹਾ ਸੀ। ਉਹ ਈਰਖਾ, ਸਾੜਾ, ਨਫ਼ਰਤ ਅਤੇ ਨਿੰਦਿਆ ਦਾ ਸ਼ਿਕਾਰ ਵੀ ਬਣਿਆ ਪਰ ਉਸ ਦੀ ਗੁੱਡੀ ਹੋਰ ਉੱਚੀ ਉੱਡਦੀ ਗਈ। ਵਿਰੋਧੀਆਂ ਨੂੰ ਜਾਪਦਾ ਸੀ ਕਿ ਜੇਲ੍ਹ ਜਾਣ ਕਾਰਨ ਉਹ ਡਰ ਜਾਵੇਗਾ, ਝੁਕ ਜਾਵੇਗਾ ਤੇ ਉਸ ਦਾ ਕੋਈ ਭਵਿੱਖ ਨਹੀਂ ਰਹੇਗਾ ਪਰ ਜੇਲ੍ਹ ਨੇ ਤਾਂ ਦੀਪ ਦੀ ਸੋਚ ਨੂੰ ਹੋਰ ਵੀ ਬਲਵਾਨ, ਤਿੱਖਾ ਅਤੇ ਪ੍ਰਚੰਡ ਕਰ ਦਿੱਤਾ ਤੇ ਬਾਹਰ ਆਉਂਦੇ ਸਾਰ ਹੀ ਉਸ ਨੇ ਬੱਬਰ ਸ਼ੇਰ ਵਾਲ਼ੀ ਦਹਾੜ ਮਾਰੀ। ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਮਿਸ਼ਨ ਨੂੰ ਸਮਰਪਿਤ ਹੋ ਕੇ ਰਣਤੱਤੇ ਵਿੱਚ ਨਿੱਤਰ ਆਇਆ ਸੀ। ਉਸ ਨੇ ਸਿੱਖਾਂ ਨੂੰ ਆਪਣੀ ਖੁੱਸੀ ਹੋਈ ਸ਼ਾਨ ਮੁੜ ਹਾਸਲ ਕਰਨ ਲਈ ਜੂਝਣ ਦਾ ਚੇਤਾ ਕਰਵਾਇਆ। ਉਹ ਸਿੱਖੀ ਸਰੂਪ ਧਾਰਨ ਕਰਕੇ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਦੇ ਰਾਹ ਉੱਤੇ ਸੀ, ਉਸ ਨੇ ਆਪਣਾ ਸੀਸ ਤਲੀ 'ਤੇ ਟਿਕਾਅ ਲਿਆ ਸੀ।

ਦੀਪ ਜਦ 'ਕਲਾ ਦੇ ਵਰਤਾਰੇ' ਜਾਂ 'ਸ਼ਹੀਦਾਂ ਦੇ ਪਹਿਰੇ' ਦੀ ਗੱਲ ਕਰਦਾ ਸੀ ਤਾਂ ਸੌੜੀ ਸੋਚ ਵਾਲ਼ਿਆਂ ਨੂੰ ਇਹ ਗੱਲਾਂ ਸਮਝ ਨਹੀਂ ਸਨ ਆਉਂਦੀਆਂ। ਦੀਪ ਦੀਆਂ ਗੱਲਾਂ ਤਾਂ ਸਾਗਰ ਦੀ ਗਹਿਰਾਈ ਵਾਂਗ ਡੂੰਘੀਆਂ ਸਨ, ਉਸ ਦੇ ਬੋਲਾਂ ਵਿੱਚ ਬੜੀ ਵਿਸ਼ਾਲਤਾ ਅਤੇ ਰੂਹਾਨੀਅਤ ਸੀ। ਉਹ ਇੱਕ ਅਨੌਖੀ ਰੂਹ ਸੀ ਉਸ ਵਿੱਚ ਇੱਕ ਨਿਧੜਕ ਵਾਲ਼ੇ ਗੁਣ ਸਨ। ਜੇ ਦੀਪ ਸਿੱਧੂ ਨਾ ਹੁੰਦਾ ਤਾਂ ਗ਼ਦਰ ਲਹਿਰ ਵਾਂਗ ਕਿਸਾਨੀ ਮੋਰਚੇ ਨੂੰ ਵੀ ਕਾਮਰੇਡਾਂ ਨੇ ਹਾਈਜੈਕਰ ਕਰ ਲੈਣਾ ਸੀ ਪਰ ਇਹ ਦੀਪ ਹੀ ਸੀ ਜੋ ਪੰਥ ਦਾ ਝੰਡਾ ਚੁੱਕ ਕੇ ਉਹਨਾਂ ਮੂਹਰੇ ਹਿੱਕ ਤਾਣ ਕੇ ਡਟਿਆ ਰਿਹਾ। ਦੀਪ ਦਾ ਮੋਰਚਾ ਤਾਂ ਅਠਾਰ੍ਹਵੀਂ ਸਦੀ ਦੇ ਸਿੱਖਾਂ ਦੇ ਮੋਰਚਿਆਂ ਦੀ ਯਾਦ ਤਾਜ਼ਾ ਕਰਵਾਉਂਦਾ ਸੀ ਉਹ ਓਥੇ ਬਹਿ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਅਤੇ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲ਼ਾ ਦੀਆਂ ਬਾਤਾਂ ਪਾਉਂਦਾ ਸੀ ਅਤੇ ਮੋਰਚੇ ਦੀ ਹਰੇਕ ਸਰਗਰਮੀ 'ਤੇ ਬਾਜ਼ ਅੱਖ ਰੱਖਦਾ ਸੀ ਤੇ ਕੱਲੀ-ਕੱਲੀ ਪਰਤ ਖੋਲ੍ਹਦਾ ਸੀ।

ਰਾਇਲ, ਪੌਸ਼ ਤੇ ਹਾਈ-ਫਾਈ ਜ਼ਿੰਦਗੀ ਛੱਡ ਕੇ ਜੁੱਲੜਾਂ ਤਕ ਆਉਣਾ ਸੌਖਾ ਨਹੀਂ ਹੁੰਦਾ। ਕਰੋੜਾਂ ਦੀਆਂ ਕਾਰਾਂ ਵਿੱਚ ਸਫ਼ਰ ਕਰਨ ਵਾਲ਼ੇ ਲਈ ਪਾਟੀਆਂ ਦਰੀਆਂ 'ਤੇ ਬਹਿਣਾ ਸੌਖਾ ਨਹੀਂ ਹੁੰਦਾ। ਮਹਿੰਗੇ ਹੋਟਲਾਂ ਵਿੱਚ ਸ਼ਾਨਦਾਰ ਕੱਪ-ਪਲੇਟਾਂ ਵਿੱਚ ਖਾਣ-ਪੀਣ ਵਾਲ਼ੇ ਦੇ ਹੱਥ ਵਿੱਚ ਚਾਹ ਦਾ ਬਾਟਾ ਵੇਖ ਕੇ ਉਸ ਦੇ ਸਿਦਕ ਦਾ ਸਿਖ਼ਰ ਮਹਿਸੂਸ ਕੀਤਾ ਜਾ ਸਕਦਾ ਸੀ। ਦੀਪ ਸਿੱਧੂ ਦੀ ਬਦਖੋਹੀ ਤੇ ਕਿਰਦਾਰਕੁਸ਼ੀ ਕਰਨ ਵਾਲ਼ਿਆਂ ਨੂੰ ਅੱਜ ਕੋਈ ਪੁੱਛਦਾ ਤਕ ਨਹੀਂ, ਪਰ ਦੀਪ ਦੇ ਵਿਛੋੜੇ ਮਗਰੋਂ ਵੀ ਉਸ ਦੀ ਜੈ-ਜੈਕਾਰ ਹੋ ਰਹੀ ਸੀ। ਇਹ ਉਸ ਦੀ ਕਮਾਈ ਤੇ ਸਤਿਗੁਰਾਂ ਦੀ ਬਖ਼ਿਸ਼ਸ਼ ਹੈ। ਦੀਪ ਸਿੱਧੂ ਪੰਜ ਦਰਿਆਵਾਂ ਦੀ ਧਰਤੀ ਦਾ ਹੀਰਾ ਸੀ, ਉਸ ਦੀ ਸੋਚ ਦਾ ਕੇਂਦਰੀ ਧੁਰਾ 'ਪੰਥ ਪ੍ਰਥਮ ਸੀ।' ਦੀਪ ਸਿੱਧੂ ਨੂੰ ਖ਼ਤਮ ਕਰਨ ਲਈ ਕਈ ਵਿਉਂਤਾਂ ਘੜੀਆਂ ਗਈਆਂ, ਸਾਜਿਸ਼ਾਂ ਰਚੀਆਂ ਗਈਆਂ ਤੇ ਆਖ਼ਰ ਐਕਸੀਡੈਂਟ ਦੀ ਆੜ ਹੇਠ ਉਸ ਕੌਮੀ ਹੀਰੇ ਨੂੰ ਹਿੰਦ ਸਰਕਾਰ ਨੇ ਸਾਥੋਂ ਖੋਹ ਲਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਚਿੱਠੀ ਦੇ ਬੋਲ ਯਾਦ ਆਉਂਦੇ ਹਨ ਕਿ "ਸਾਡੀ ਕੌਮ ਦੀਪ ਸਿੱਧੂ ਨੂੰ ਸੰਭਾਲ ਨਹੀਂ ਸਕੀ।" ਇਸ ਫਾਨੀ ਸੰਸਾਰ ਤੋਂ ਦੀਪ ਦਾ ਚਲੇ ਜਾਣਾ 'ਕੌਮੀ ਸਦਮਾ' ਸੀ। ਉਸ ਦੇ ਸਸਕਾਰ ਅਤੇ ਭੋਗ 'ਤੇ ਹੋਇਆ ਲੱਖਾਂ ਦਾ ਇਕੱਠ ਉਸ ਪ੍ਰਤੀ ਕੌਮੀ ਪਿਆਰ ਦੀ ਮੂੰਹ-ਬੋਲਦੀ ਤਸਵੀਰ ਸੀ। ਨੌਜਵਾਨਾਂ ਤੋਂ ਉਸ ਦਾ ਵਿਛੋੜਾ ਝੱਲਿਆ ਨਹੀਂ ਸੀ ਜਾਂਦਾ ਤੇ ਉਹ ਭੁੱਬਾਂ ਮਾਰ-ਮਾਰ ਰੋਏ। ਦੀਪ ਦੇ ਬਲ਼ ਰਹੇ ਸਿਵੇ ਕੋਲ਼ ਨੌਜਵਾਨ ਕੂਕ-ਕੂਕ ਕੇ ਕਹਿ ਰਹੇ ਸਨ ਕਿ :-

**"ਸਾਨੂੰ ਸ਼ਸਤਰਾਂ ਨਾਲ਼ ਨਿਵਾਜੋ ਬਾਜ਼ਾਂ ਵਾਲ਼ਿਓ !**
**ਸਾਨੂੰ ਚਰਨਾਂ ਨਾਲ਼ ਲਾ ਲੋ ਬਾਜ਼ਾਂ ਵਾਲ਼ਿਓ !**
**ਸਾਡੇ ਗਾਤਰੇ ਪਵਾ ਦਿਓ ਬਾਜ਼ਾਂ ਵਾਲ਼ਿਓ !**
**ਸਾਨੂੰ ਭੁੱਲਿਆਂ ਨੂੰ ਰਸਤਾ ਵਿਖਾ ਦਿਓ ਬਾਜ਼ਾਂ ਵਾਲ਼ਿਓ !"**

ਇਹ ਵੀ ਅਕਾਲ ਪੁਰਖ ਦੀ ਕਲਾ ਸੀ ਜੋ ਸਭ ਨੇ ਪ੍ਰਤੱਖ ਵਰਤਦੀ ਵੇਖੀ। ਦੀਪ ਦੇ ਮਗਰੋਂ ਜਦੋਂ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਬਣੇ ਤਾਂ ਉਹਨਾਂ ਦੇ ਸੱਦੇ 'ਤੇ ਹਜ਼ਾਰਾ ਨੌਜਵਾਨਾਂ ਨੇ ਅੰਮ੍ਰਿਤਪਾਨ ਕੀਤਾ, ਸਿੱਖ ਸੁਰਜੀਤੀ ਦਾ ਦੌਰ ਆਇਆ ਤੇ ਖ਼ਾਲਸਾ ਵਹੀਰ 'ਚ ਅਨੇਕਾਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਤੇ ਸਿੱਖ ਨੌਜਵਾਨਾਂ ਦਾ ਖ਼ਾਲਸਾਈ ਜੋਸ਼-ਜਲਵਾ ਤੇ ਵਰਤਾਰਾ ਵੇਖਣ ਹੀ ਵਾਲ਼ਾ ਸੀ। ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਹੁਣ ਡਿਬਰੂਗੜ੍ਹ ਦੀ ਜੇਲ੍ਹ 'ਚ ਨਜ਼ਰਬੰਦ ਹਨ। ਦੀਪ ਸਿੱਧੂ ਦੀ ਸੋਚ, ਵਿਚਾਰਧਾਰਾ ਤੇ ਨਿਸ਼ਾਨੇ ਨੂੰ ਅਗਾਂਹ ਤੋਰਨਾ ਅਸਲ 'ਚ ਏਹੀ ਦੀਪ ਸਿੱਧੂ ਨੂੰ ਸੱਚੀ ਸ਼ਰਧਾਂਜਲੀ ਹੈ। ਕਿਸੇ ਸ਼ਾਇਰ ਨੇ ਖ਼ੂਬ ਲਿਖਿਆ ਹੈ "ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।" ਦੀਪ ਸਿੱਧੂ ਦੇ ਸੰਘਰਸ਼ੀ ਜੀਵਨ ਬਾਰੇ ਦਾਸ ਵੱਲੋਂ ਲਿਖੀ ਕਿਤਾਬ 'ਹੋਂਦ ਦਾ ਨਗਾਰਚੀ' ਜ਼ਰੂਰ ਪੜ੍ਹੋ ਸੰਗਤ ਜੀ।

**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)**
**ਮੋ : 88722-93883.**

## ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ

# ਭਾਈ ਕਰਨੈਲ ਸਿੰਘ ਪੀਰ ਮੁਹੰਮਦ ਪਾਰਟੀ ਪ੍ਰਤੀ ਦਿਨ ਰਾਤ ਦਿੱਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਦਿੱਤਾ ਗਿਆ ਥਾਪੜਾ

### ਫ਼ੈਡਰੇਸ਼ਨ ਦੇ ਪੁਰਾਣੇ ਮਿਹਨਤੀ ਆਗੂਆ ਨੂੰ ਸ਼ੋਮਣੀ ਅਕਾਲੀ ਦਲ ਵਿੱਚ ਦਿੱਤੀ ਜਾਵੇਗੀ ਵਿਸ਼ੇਸ਼ ਤੌਰ 'ਤੇ ਜਗ੍ਹਾ : ਸੁਖਬੀਰ ਸਿੰਘ ਬਾਦਲ

**ਸ੍ਰੀ ਹਰਗੋਬਿੰਦਪੁਰ, 11 ਫਰਵਰੀ (ਕੁਲਜੀਤ ਸਿੰਘ ਖੋਖਰ)**-ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਪੰਜਾਬ ਦੇ ਸਾਬਕਾ ਉਪ ਮੁੱਖ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੋਮਣੀ ਵੱਲੋਂ ਅੱਜ ਵਿਸ਼ੇਸ਼ ਤੌਰ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸਰਪ੍ਰਸਤ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਪਾਰਟੀ ਦੀ ਪ੍ਰਤੀ ਦਿਨ ਰਾਤ ਦਿੱਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਬਾਦਲ ਵੱਲੋਂ ਥਾਪੜਾ ਦਿੱਤਾ ਗਿਆ ਤੇ ਪੀਰ ਮੁਹੰਮਦ ਨਾਲ ਸਿਆਸੀ ਨੁਕਤੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਉਨ੍ਹਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਨੂੰ ਬੁਲੰਦੀਆਂ ਤੱਕ ਪਹੁੰਚਣ ਵਾਲੇ ਇਹ ਮਿਹਨਤੀ ਆਗੂਆ ਹਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਉਨ੍ਹਾਂ ਦੇ ਮਿਹਨਤੀ ਵਰਕਰਾਂ ਮਿਹਨਤੀ ਵਰਕਰਾਂ ਦੀ ਸੋਚ ਸਦਕਾ ਅੱਜ ਪੰਜਾਬ ਦੇ ਲੋਕਾਂ ਤੱਕ ਸ਼ੋਮਣੀ ਅਕਾਲੀ ਦੀ ਅਵਾਜ਼ ਘਰ ਘਰ ਵਿੱਚ ਗੂੰਜੀ ਗਈ ਹੈ। ਪੀਰਮੁਹੰਮਦ ਨੇ ਅੱਗੇ ਕਿਹਾ ਕਿ,ਸ਼ੋਮਣੀ ਅਕਾਲੀ ਦਲ ਦੇ ਮਿਹਨਤੀ ਵਰਕਰਾਂ ਦੀਆਂ ਕੁਰਬਾਨੀਆਂ ਸਦਕਾ ਹੀ ਭਾਰਤ ਦੀ ਆਜ਼ਾਦੀ ਲਹਿਰ 'ਚ ਪੰਜਾਬ ਦੇ ਮੋਹਰੀ ਯੋਗਦਾਨ ਪਿੱਛੇ ਵੀ ਅਕਾਲੀ ਦਲ ਦੀ ਜਥੇਬੰਦਕ ਪ੍ਰੇਰਨਾ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਆਜ਼ਾਦੀ ਦੀਆਂ ਲਹਿਰਾਂ 'ਚੋਂ ਇਕੱਲੀ ਅਕਾਲੀ ਲਹਿਰ ਦੌਰਾਨ ਹੀ 500 ਅਕਾਲੀ ਕਾਰਕੁੰਨ ਸ਼ਹੀਦ ਹੋਏ ਸਨ। ਆਜ਼ਾਦੀ ਤੋਂ ਬਾਅਦ ਸ਼ੋਮਣੀ ਅਕਾਲੀ ਦਲ ਪੰਜਾਬ ਦੀ ਪ੍ਰਭਾਵਸ਼ਾਲੀ ਖੇਤਰੀ ਰਾਜਨੀਤਕ ਪਾਰਟੀ ਵਜੋਂ ਉੱਭਰਿਆ ਸੀ। ਅੱਜ ਸਮੇਂ ਦੀ ਲੋੜ ਅਨੁਸਾਰ ਸ਼ੋਮਣੀ ਅਕਾਲੀ ਦਲ ਬੁਲੰਦੀਆਂ ਤੱਕ ਪਹੁੰਚਣ ਲਈ ਵਰਕਰਾਂ ਵੱਲੋਂ ਕੁਰਬਾਨੀ ਦੇਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਭਾਈ ਕਰਨੈਲ ਸਿੰਘ ਪੀਰ ਮੁਹੰਮਦ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਸ਼ੋਮਣੀ ਅਕਾਲੀ ਦਲ ਦੀ ਸੋਚ ਨੂੰ ਘਰ ਘਰ ਤੱਕ ਪਹੁੰਚਣ ਲਈ ਇਹਨਾਂ ਦੀ ਸਮੁੱਚੀ ਟੀਮ ਦੀ ਡਿਊਟੀ ਲਗਾਈ ਗਈ ਹੈ। ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਗੇ ਕਿਹਾ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪੁਰਾਣੇ ਮਿਹਨਤੀ ਆਗੂਆ ਨੂੰ ਸ਼ੋਮਣੀ ਅਕਾਲੀ ਦਲ ਵਿੱਚ ਦਿੱਤੀ ਜਾਵੇਗੀ ਵਿਸ਼ੇਸ਼ ਤੌਰ ਤੇ ਦਿੱਤੀ ਜਾਵੇਗੀ ਜਗ੍ਹਾ । ਇਸ ਮੌਕੇ ਫੈਡਰੇਸ਼ਨ ਦੇ ਪੁਰਾਣੇ ਆਗੂ ਗੁਰਮੁੱਖ ਸਿੰਘ ਸੰਧੂ , ਡਾਕਟਰ ਕਾਰਜ ਸਿੰਘ ਧਰਮ ਸਿੰਘ ਵਾਲਾ, ਗਗਨਦੀਪ ਸਿੰਘ ਰਿਆੜ,ਸਮਸੇਰ ਸਿੰਘ ਸੇਖੋ ਹਰਭਿੰਦਰ ਸਿੰਘ ਸੰਧੂ , ਸੁਖਵਿੰਦਰ ਸਿੰਘ ਦੀਨਾਨਗਰ, ਲਵਪ੍ਰੀਤ ਸਿੰਘ ਬਟਾਲਾ, ਸਰਬਜੀਤ ਸਿੰਘ ਸੈਪੀ, ਲਖਵਿੰਦਰ ਸਿੰਘ ਸਰਪੰਚ ਅਰਾਈਆਵਾਲਾ, ਸਰਪੰਚ ਸੁਖਪਾਲ ਸਿੰਘ ਗੁਰਾਲੀ , ਸਰਪੰਚ ਜਿਉਣ ਸਿੰਘ, ਸਰਪੰਚ ਅਜੀਤ ਸਿੰਘ ਸੰਧੂ ਸਰਪੰਚ ਸਾਰਜ ਸਿੰਘ ਪੰਜਾਬ ਸਿੰਘ ਸਦਰਵਾਲਾ, ਸਰਪੰਚ ਹਰਨਾਮ ਸਿੰਘ ਕਿਲੀ ਨੌਆਬਾਦ, ਬੂਟਾ ਸਿੰਘ ਦੌਲਤਪੁਰਾ ਕੁਲਵਿੰਦਰ ਸਿੰਘ ਗਿੱਲ ਸਰਪੰਚ ਸੰਤੂਵਾਲਾ ਸੁਖਦੇਵ ਸਿੰਘ ਅਮਨਦੀਪ ਸਿੰਘ ਰਿਆੜ, ਡਾਕਟਰ ਰਣਜੀਤ ਸਿੰਘ ਹਰਚੋਵਾਲ, ਭੁਪਿੰਦਰ ਸਿੰਘ ਗਿੱਲ,ਆਦਿ ਆਗੂ ਹਾਜਰ ਸਨ।



# ਪੰਜਾਬ ਸਰਕਾਰ ਵੱਲੋਂ ਪੰਜਾਬੀ ਐਨ.ਆਰ.ਆਈਜ਼ ਨਾਲ ਮਿਲਣੀ ਸਮਾਗਮ 16 ਫਰਵਰੀ ਨੂੰ ਧੂਰੀ ਵਿਖੇ ਹੋਵੇਗਾ - ਡਿਪਟੀ ਕਮਿਸ਼ਨਰ

### ਸੰਗਰੂਰ ਸਮੇਤ 8 ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਭਾਰਤੀਆਂ ਨੂੰ ਮਿਲਣੀ ਸਮਾਗਮ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ

**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ 'ਤੇ ਰਾਜ ਭਰ ਵਿੱਚ ਪੰਜਾਬੀ ਐਨ.ਆਰ.ਆਈਜ਼ ਨਾਲ ਮਿਲਣੀ ਸਮਾਗਮਾਂ ਦੇ ਉਲੀਕੇ ਗਏ ਸਮਾਗਮਾਂ ਤਹਿਤ ਸੰਗਰੂਰ ਸਮੇਤ ਪੰਜਾਬ ਦੇ 8 ਜ਼ਿਲ੍ਹਿਆਂ ਦੇ ਪ੍ਰਵਾਸੀ ਭਾਰਤੀਆਂ ਨਾਲ ਮਿਲਣੀ ਪ੍ਰੋਗਰਾਮ 16 ਫਰਵਰੀ ਨੂੰ ਸਵੇਰੇ 11 ਵਜੇ ਸਪੈਂਗਲ ਸਟੋਨ ਧੂਰੀ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸੂਬੇ ਵਿੱਚ ਪੰਜਾਬੀ ਐਨ.ਆਰ.ਆਈਜ਼ ਮਿਲਣੀ ਸਮਾਗਮਾਂ ਦਾ ਆਗਾਜ਼ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਬੀਤੀ 3 ਫਰਵਰੀ ਨੂੰ ਚਮਰੋੜ (ਮਿੰਨੀ ਗੋਆ) ਪਠਾਨਕੋਟ ਤੋਂ ਕੀਤਾ ਗਿਆ ਸੀ ਜਿਸ ਤੋਂ ਬਾਅਦ ਸ਼ਹੀਦ ਭਗਤ ਸਿੰਘ ਨਗਰ ਵਿਖੇ ਵੀ ਅਜਿਹਾ ਹੀ ਮਿਲਣੀ ਸਮਾਰੋਹ ਸਫ਼ਲਤਾ ਨਾਲ ਕਰਵਾਇਆ ਜਾ ਚੁੱਕਾ ਹੈ। ਉਨਾਂ ਦੱਸਿਆ ਕਿ ਇਨ੍ਹਾਂ ਮਿਲਣੀਆਂ ਦਾ ਉਦੇਸ਼ ਪ੍ਰਵਾਸੀ ਪੰਜਾਬੀ ਭਾਰਤੀਆਂ ਨੂੰ ਦਰਪੇਸ਼ ਮੁਸ਼ਿਕਲਾਂ ਅਤੇ ਸ਼ਿਕਾਇਤਾਂ ਦਾ ਢੁਕਵਾਂ ਹੱਲ ਕਰਨਾ ਹੈ। ਉਨ੍ਹਾਂ ਦੱਸਿਆ ਕਿ 16 ਫਰਵਰੀ ਨੂੰ ਕਰਵਾਏ ਜਾ ਰਹੇ ਐਨ.ਆਰ.ਆਈ ਮਿਲਣੀ ਸਮਾਗਮ ਦਾ ਉਦਘਾਟਨ ਐਨ.ਆਰ.ਆਈ ਮਾਮਲੇ ਵਿਭਾਗ ਪੰਜਾਬ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕਰਨਗੇ।



ਡਿਪਟੀ ਕਮਿਸ਼ਨਰ ਨੇ ਸੰਗਰੂਰ ਦੇ ਨਾਲ ਨਾਲ ਪਟਿਆਲਾ, ਬਰਨਾਲਾ, ਫਤਿਹਗੜ੍ਹ ਸਾਹਿਬ, ਮਲੇਰਕੋਟਲਾ, ਬਠਿੰਡਾ, ਲੁਧਿਆਣਾ ਅਤੇ ਮਾਨਸਾ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀ ਭਾਰਤੀਆਂ ਨੂੰ ਇਸ ਮਿਲਣੀ ਸਮਾਗਮ ਵਿਚ ਵਧ ਚੜ੍ਹ ਕੇ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਦੀ ਰਜਿਸਟ੍ਰੇਸ਼ਨ ਲਈ ਮਿਲਣੀ ਸਮਾਰੋਹ ਵਾਲੇ ਸਥਾਨ ਉੱਤੇ ਹੀ ਰਜਿਸਟਰੇਸ਼ਨ ਕਾਊਂਟਰ ਲਗਾਏ ਜਾਣਗੇ।

# ਇੱਕ ਨਜ਼ਰ



## ਖਾਲਸਾ ਸਕੂਲ ਦੇ ਸਹਿਜ ਪਾਠ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ

ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ): ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬੁਰਜ ਮੱਖਣ ਸਿੰਘ ਦੇ ਵਿਦਿਆਰਥੀਆਂ ਵੱਲੋਂ ਸਹਿਜ ਪਾਠ ਸ਼ੁਰੂ ਕੀਤੇ ਗਏ ਸਨ ਜਿਨ੍ਹਾਂ ਦੇ ਭੋਗ ਪਾਏ ਗਏ। ਇਸ ਉਪਰੰਤ ਸਕੂਲੀ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ, ਜਿਸ ਉਪਰੰਤ ਸਕੂਲ ਮੈਨੇਜਮੈਂਟ ਅਤੇ ਸਕੂਲ ਪ੍ਰਿੰਸੀਪਲ ਵੱਲੋਂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਸਾਹਿਬ ਸਿੰਘ ਦਮਦਮੀ ਟਕਸਾਲ ਮਹਿਤਾ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ, ਮੈਡਮ ਅਨੁਰਾਧਾ, ਮਾਸਟਰ ਬਲਰਾਜ ਸਿੰਘ, ਗਿਆਨੀ ਇੰਦਰਜੀਤ ਸਿੰਘ ਅਤੇ ਸਕੂਲ ਦਾ ਸਾਰਾ ਸਟਾਫ ਅਤੇ ਵਿਦਿਆਰਥੀਆਂ ਹਾਜ਼ਰ ਸਨ।

## ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਲਗਾਇਆ ਮੁਫਤ ਸ਼ੂਗਰ ਤੇ ਬਲੱਡ ਪ੍ਰੈਸ਼ਰ ਕੈਂਪ



ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ ਦੀ ਅਗਵਾਈ ਹੇਠ ਡਾਕਟਰ ਅਨੀਲ ਬਾਗੀ ਪਾਰਕ ਵਿਖੇ ਲਾਇਆ ਮੁਫਤ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਕੈਂਪ। ਬਾਗੀ ਪਾਰਕ ਨੇੜੇ ਨਾਮ ਦੇਵ ਚੌਂਕ ਫ਼ਿਰੋਜ਼ਪੁਰ ਵਿਖੇ ਲਾਏ ਸ਼ੂਗਰ ਅਤੇ ਬਲਡ ਪ੍ਰੈਸ਼ਰ ਚੈਕਅਪ ਕੈਂਪ ਵਿਚ ਤਕਰੀਬਨ 50 ਤੋਂ ਜਿਆਦਾ ਮਰੀਜਾਂ ਦਾ ਚੈਕਅਪ ਕੀਤਾ ਗਿਆ, ਜਿਨ੍ਹਾਂ ਨੂੰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਜਿਹੀਆਂ ਗੰਭੀਰ ਬਿਮਾਰੀਆਂ ਦੇ ਲੱਛਣਾਂ ਤੋਂ ਜਾਣੂ ਕਰਵਾਇਆ, ਇਸ ਤੋਂ ਬਚਾਓ ਬਾਰੇ ਨੁਕਤੇ ਸਾਂਝੇ ਕੀਤੇ ਗਏ। ਇਸ ਮੌਕੇ ਆਏ ਮਰੀਜਾਂ ਨੂੰ ਸਵੇਰੇ—ਸ਼ਾਮ ਸੈਰ ਕਰਨ, ਚੰਗਾ ਖਾਣ—ਪੀਣ ਬਾਰੇ ਪ੍ਰੇਰਿਤ ਕਰਦਿਆਂ ਆਪਣੀ ਸਿਹਤ ਪ੍ਰਤੀ ਸੁਹਿਰਦ ਹੋਦ ਦੀ ਅਪੀਲ ਕੀਤੀ ਗਈ। ਇਸ ਮੌਕੇ ਮਿਸਟਰ ਸੁਖੀਜਾ ਨੇ ਕਿਹਾ ਕਿ ਭਵਿੱਖ ਵਿਚ ਵੀ ਅਜਿਹੇ ਕੈਂਪ ਲਗਾਏ ਜਾਣਗੇ। ਇਸ ਮੌਕੇ ਜਤਿੰਦਰ ਨਰੂਲਾ, ਰਾਮ ਕਿਸ਼ੋਰ, ਵਿਜੈ ਕੁਮਾਰ, ਅਮਨ ਅਤੇ ਹੋਰ ਕਈ ਆਗੂ ਅਤੇ ਮੈਂਬਰ ਹਾਜ਼ਰ ਸਨ।

## 16 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਰੱਖੀ ਮੀਟਿੰਗ

ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ) :— ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ (ਜੇ.ਪੀ.ਐਮ.ਓ) ਫਿਰੋਜ਼ਪੁਰ ਵੱਲੋਂ 16 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ 13 ਫਰਵਰੀ ਨੂੰ ਨਾਰਦਰਨ ਰੇਲਵੇ ਮੈਨਜ ਯੂਨੀਅਨ ਦਫ਼ਤਰ ਫਿਰੋਜ਼ਪੁਰ ਵਿਖੇ ਹੋਵੇਗੀ ਮੀਟਿੰਗ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਾਂਝੇ ਮੋਰਚੇ ਦੇ ਕੋ ਆਰਡੀਨੇਟਰ ਸੁਭਾਸ਼ ਸ਼ਰਮਾ, ਸਰਿੰਦਰ ਸਿੰਘ ਤੇ ਕਿਸ਼ਨ ਚੰਦ ਜਾਗੋਵਾਲੀਆ ਕਨਵੀਨਰ, ਮਹਿੰਦਰ ਸਿੰਘ ਧਾਲੀਵਾਲ ਖਜਾਨਚੀ ਤੇ ਬਲਕਾਰ ਸਿੰਘ ਮਾੜੀਮੇਘਾ ਨੇ ਦੱਸਿਆ ਕਿ ਕੇਂਦਰ ਤੇ ਰਾਜ ਸਰਕਾਰ, ਮੁਲਾਜ਼ਮ, ਪੈਨਸ਼ਨਰ, ਮਜ਼ਦੂਰ, ਕਿਸਾਨ ਪਿਛਲੇ ਲੰਬੇ ਸਮੇਂ ਤੋਂ ਦੇਸ਼ ਵਿਆਪੀ ਅੰਦੋਲਨ ਦੇ ਰਾਹ ਤੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਆਪੀ ਸੰਘਰਸ਼ ਕੇਂਦਰੀ, ਰਾਜ ਸਰਕਾਰੀ ਤੇ ਅਰਧ ਸਰਕਾਰੀ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਦੀਆਂ ਸਾਂਝੀਆਂ ਮੰਗਾਂ ਲਈ ਕੀਤਾ ਜਾ ਰਿਹਾ ਅਤੇ ਦੇਸ਼ ਭਰ ਵਿੱਚ ਧਰਨੇ ਪ੍ਰਦਰਸ਼ਨ ਕਰਨ ਦੇ ਬਾਅਦ ਵੀ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਗੱਲਬਾਤ ਰਾਹੀਂ ਕਿਸੇ ਮੁੱਦੇ ਦਾ ਹੱਲ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ 10 ਟਰੇਡ ਯੂਨੀਅਨਾਂ ਵੱਲੋਂ 16 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ, ਇਸ ਹੜਤਾਲ ਦੀ ਤਿਆਰੀ ਲਈ ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ(ਜੇ.ਪੀ.ਐਮ.ਓ) ਫਿਰੋਜਪੁਰ ਵੱਲੋਂ 13 ਫਰਵਰੀ ਨੂੰ 12 ਵਜੇ ਨੋਰਦਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜਪੁਰ ਵਿਖੇ ਮੀਟਿੰਗ ਰੱਖੀ ਗਈ ਹੈ। ਉਨਾਂ ਸਮੂੰਹ ਜਨਤਕ ਜਥੇਬੰਦੀਆਂ ਦੇ ਆਗੂਆਂ ਨੂੰ ਮੀਟਿੰਗ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਇਸ ਸਮੇਂ ਜੋਗਾ ਸਿੰਘ ਵਿਸ਼ਵਕਰਮਾ ਨਿਰਮਾਣ ਯੂਨੀਅਨ, ਜਗਤਾਰ ਸਿੰਘ ਪੱਲੇਦਾਰ ਯੂਨੀਅਨ, ਦੇਸ ਰਾਜ ਆਟੋ ਰਿਕਸ਼ਾ ਯੂਨੀਅਨ, ਬਲਬੀਰ ਸਿੰਘ ਕੰਬੋਜ, ਬਲਬੀਰ ਸਿੰਘ ਗੋਖੀਵਾਲਾ ਰਮੇਸ਼ ਸ਼ਰਮਾ , ਤਰਸੇਮ ਸਿੰਘ ਬੇਦੀ ਆਦਿ ਹਾਜ਼ਰ ਸਨ।

## ਗੁਰਦੁਆਰਾ ਸਾਹਿਬ ਵਿਖੇ ਲਾਇਆ ਦੰਦਾਂ ਦਾ ਚੈਕਅਪ ਕੈਂਪ

ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਮੱਲਾਂਵਾਲਾ ਸਥਿਤ ਸ੍ਰੀ ਗੁਰੂਦੁਆਰਾ ਸ਼ਹੀਦ ਸ਼ਾਮ ਸਿੰਘ ਅਟਾਰੀ ਫਤਹਿਗੜ੍ਹ ਸਬਰ੍ਹ ਵਿਖੇ ਦੰਦਾਂ ਦਾ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਾ: ਆਸ਼ਿਆਂ ਗੁਲ ਅਤੇ ਡਾ: ਪਾਰਬ੍ਰਹਮ ਨੇ ਬੱਚਿਆਂ ਨੂੰ ਦੰਦਾਂ ਦੀ ਸਫ਼ਾਈ, ਦੰਦਾਂ ਦੀਆਂ ਬਿਮਾਰੀਆਂ ਤੋਂ ਬਚਾਅ ਅਤੇ ਬਿਮਾਰੀਆਂ ਦੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੰਦਾਂ ਦੀ ਸੰਭਾਲ ਬਾਰੇ ਨੁਕਤੇ ਸਾਂਝੇ ਕੀਤੇ। ਇਸ ਮੌਕੇ ਡਾ: ਆਸ਼ਿਆਂ ਗੁਲ ਅਤੇ ਡਾ: ਪਾਰਬ੍ਰਹਮ ਨੇ ਮਰੀਜ਼ਾਂ ਨੂੰ ਦੰਦਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਦੰਦ ਨਿਕਲ ਜਾਣ ਤਾਂ ਸਵਾਦ ਵੀ ਖ਼ਤਮ ਹੋ ਜਾਂਦਾ ਹੈ, ਇਹ ਕਹਾਵਤ ਬਿਲਕੁਲ ਸਹੀ ਹੈ ਅਤੇ ਜੇਕਰ ਦੰਦ ਹੋਣ ਤਾਂ ਜੀਵਨ ਤੰਦ➡ਸਤ ਰਹਿ ਸਕਦਾ ਹੈ। ਉਨ੍ਹਾਂ ਮਰੀਜ਼ਾਂ ਨੂੰ ਖਾਣ—ਪੀਣ ਵਾਲੀਆਂ ਵਸਤੂਆਂ ਨਾਲ ਦੰਦਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੰਦਿਆਂ ਸਿਹਤਮੰਦ ਭੋਜਨ ਖਾਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਲਜ ਸਟਾਫ਼ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ, ਮਨਜੀਤ ਸਿੰਘ ਆਦਿ ਕਾਲਜ ਦੀ ਟੀਮ ਹਾਜ਼ਰ ਸੀ।

### ਗੁਰਦੁਆਰਾ ਧੰਨ ਧੰਨ ਬਾਬਾ ਮਹਿਮਾ ਸਾਹਿਬ ਜੀ ਪਿੰਡ ਮਹਿਮਾ ਚੱਕ ਵਿਖ਼ੇ '

# ਦੀਵਾਨ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ

**ਦੀਵਾਨ ਹਾਲ ਸਮੂਹ ਇਲਾਕੇ ਨੂੰ ਸਮਰਪਤ ਹੋਵੇਗਾ ਜੋ ਸਮੂਹ ਸੰਗਤ ਆਪਣੇ ਹਰ ਤਰਾਂ ਦਾ ਪ੍ਰੋਗਰਾਮ ਖੁਸ਼ੀ ਗਮੀ ਦਾ ਪ੍ਰੋਗਰਾਮ ਕਰ ਸਕਦਾ ਹੈ ਇਹ ਸੇਵਾ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੇ ਸਹਿਜੋਗ ਨਾਲ ਚਲ ਰਹੀ.....**











ਗੁਰਦੁਆਰਾ ਧੰਨ ਧੰਨ ਬਾਬਾ ਮਹਿਮਾ ਸਾਹਿਬ ਜੀ ਪਿੰਡ ਮਹਿਮਾ ਚੱਕ ਵਿਖ਼ੇ ਦੀਵਾਨ ਹਾਲ ਦਾ ਨੀਂਹ ਪੱਥਰ ਰੱਖਿਆ ਗਿਆ ਜੋ ਪੰਜ ਪਿਆਰੇ ਸਾਹਿਬ ਵਲੋਂ ਨੀ ਪੱਥਰ ਰੱਖ ਕੇ ਦੀਵਾਨ ਹਾਲ ਦੀ ਆਰੰਬਤਾ ਕੀਤੀ ਗਈ ਜਿਸ ਵਿਚ ਇਲਾਕਾ ਨਿਵਾਸੀ ਸੰਗਤਾਂ ਨੇ ਵੱਧ ਚੜ ਕੇ ਹਾਜਰੀ ਭਰੀ ਅਤੇ ਗੁਤੁ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਹ ਦੀਵਾਨ ਹਾਲ ਸਮੂਹ ਇਲਾਕੇ ਨੂੰ ਸਮਰਪਤ ਹੋਵੇਗਾ ਜੋ ਸਮੂਹ ਸੰਗਤ ਆਪਣੇ ਹਰ ਤਰਾਂ ਦਾ ਪ੍ਰੋਗਰਾਮ ਖੁਸ਼ੀ ਗਮੀ ਦਾ ਪ੍ਰੋਗਰਾਮ ਕਰ ਸਕਦਾ ਹੈ ਇਹ ਸੇਵਾ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੇ ਸਹਿਜੋਗ ਨਾਲ ਚਲ ਰਹੀ, ਪ੍ਰਧਾਨ ਲੱਖਾ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਪ੍ਰੇਮ ਸਿੰਘ, ਜਸਬੀਰਪਾਲ ਸਿੰਘ, ਨਿਸ਼ਾਨ ਸਿੰਘ, ਬਲਕਾਰ ਸਿੰਘ, ਅਵਤਾਰ ਸਿੰਘ, ਸਰਪੰਚ ਸੁਖਜਿੰਦਰ ਸਿੰਘ ਸਾਬੀ, ਸਰਪੰਚ ਪਰੀਤਮ ਸਿੰਘ, ਸਰਪੰਚ ਕੋਮਲਦੀਪ ਸਿੰਘ ਬੰਬ, ਸਰਪੰਚ ਹਰਦੀਪ ਸਿੰਘ ਖੋਦੇ ਬਾਂਗਰ, ਗੁਰਵਿੰਦਰ ਸਿੰਘ, ਤੇਜਬੀਰ ਸਿੰਘ, ਪ੍ਰਗਟ ਸਿੰਘ ਬੰਬ, ਸਾਬਕਾ ਸਰਪੰਚ ਗੁਰਦਿਆਲ ਸਿੰਘ ਰਾਮਲ, ਨਿਰਮਲ ਸਿੰਘ ਮੋਹਲੋਵਾਲੀ, ਰਣਜੀਤ ਸਿੰਘ ਬੰਬ, ਸਾਬਕਾ ਸਰਪੰਚ ਰਣਜੀਤ ਸਿੰਘ ਰੂਪੋਵਾਲੀ ਆਦਿ ਹਾਜ਼ਰ ਸਨ।

## ਵੋਟਾਂ ਦੀ ਰਾਜਨੀਤੀ ਦਾ ਸ਼ਿਕਾਰ ਬਨ ਸ਼ਹੀਦਾਂ ਪ੍ਰਮ ਸ਼ਹੀਦਾਂ ਦਾ ਮਾਨ ਦੀ ਥਾਂ ਅਪਮਾਨ ਕਰਨਾ ਲੋਕ ਹਿੱਤ 'ਚ ਨਹੀਂ: ਪੀ.ਸੀ ਕੁਮਾਰ



ਫ਼ਿਰੋਜ਼ਪੁਰ, 11 ਫਰਵਰੀ (ਮਨੋਹਰ ਲਾਲ):—ਪਦਮਸ੍ਰੀ, ਪਦਮਾ ਭੂਸ਼ਨ, ਅਰਜਨ ਐਵਾਰਡ, ਭਾਰਤ ਰਤਨ ਹੋਰ ਕੀ ਕੀ ਐਵਾਰਡ ਜ਼ੋ ਕੁਝ ਜਿਉਂਦਿਆਂ ਤੇ ਰਹਿੰਦੇ ਖਹਿੰਦੇ ਮਰਨ ਉਪਰੰਤ ਵੀ ਵੋਟਾਂ ਦੀ ਰਾਜਨੀਤੀ ਦਾ ਸ਼ਿਕਾਰ ਬਨ ਸ਼ਹੀਦਾਂ ਪ੍ਰਮ ਸ਼ਹੀਦਾਂ ਦਾ ਮਾਨ ਦੀ ਥਾਂ ਅਪਮਾਨ ਕਰਨਾ ਲੋਕ ਹਿੱਤ ਵਿਚ ਨਹੀਂ। ਇਹ ਵਿਚਾਰ ਸਾਂਝੇ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਭਾਰਤ ਦਾ ਵਫਾਦਾਰ ਨਾਗਰਿਕ ਜਨਤਾ ਦਾ ਸੇਵਕ, ਸੀਨੀਅਰ ਸਿਟੀਜਨ, ਸੇਵਾ ਮੁਕਤ ਮਾਸ ਮੀਡੀਆ ਅਫਸਰ, ਸਮਾਜ ਸੁਧਾਰਕ ਜ਼ੋ ਅਰਸਾ ਦਾਰਾਜ ਪਿਛਲੇ ਪੰਜਾਹ ਸਾਲਾਂ ਤੋਂ ਵਿਰਸੇ ਵਿਚ ਮਿਲੀ ਦੇਸ਼ ਭਗਤੀ, ਸਮਾਜ ਸੇਵਾ ਜ਼ੋ ਸਰੀਰ ਦੇ ਖ਼ੂਨ ਵਿਚ ਕਤਰੇ ਕਤਰੇ ਵਿਚ ਭਰੀ ਹੋਈ, ਜ਼ੋ ਅੱਜ ਤਰਾਸੀ ਸਾਲ ਤੋਂ ਵੱਧ ਉਮਰ ਹੋਣ ਦੇ ਬਾਵਜੂਦ ਰੋਜ਼ਾਨਾ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਸਕੂਲਾਂ ਵਿਚ ਨਹੀਂ ਬਲਕਿ ਧਾਰਮਿਕ, ਸਮਾਜਿਕ, ਇਕੱਠਾਂ ਵਿਚ ਰੋਜਾਨਾ ਗਊਸ਼ਾਲਾਵਾਂ, ਬਿਰਧ ਆਸ਼ਰਮਾਂ, ਸਮਸ਼ਾਨਘਾਟਾਂ, ਹਸਪਤਾਲਾਂ, ਕੁਸ਼ਟ ਆਸ਼ਰਮਾਂ, ਅਨਾਥਆਲਿਆ, ਅੰਧ ਵਿਦਿਆਲਿਆ ਤੇ ਨਾਲ ਹੀ ਸਰਕਾਰੀ ਤੌਰ ਤੇ ਹਰ ਮਹਿਕਮੇ, ਪ੍ਰਸ਼ਾਸਨਿਕ, ਨਿਆਏ ਪਾਲਿਕਾ ਵਿਚ ਸਮਾਜ ਸੇਵਕ ਹੋਣ ਦੇ ਨਾਤੇ ਲੋਕ ਹਿੱਤਾਂ ਦੀਆਂ ਕਮੇਟੀਆਂ ਵਿਚ ਭਾਗੀਦਾਰ ਕਰ ਜਿਥੇ ਸਰਕਾਰ ਤੇ ਜਨਤਾ ਵਿਚ ਕੜੀ ਦਾ ਕੰਮ ਕਰਦੇ ਹੋਏ ਹਜ਼ਾਰਾਂ ਮੀਆ—ਬੀਬੀ ਦੇ ਘਰ ਵਸਾਏ, ਉਥੇ ਹਰ ਸਾਲਾਂ ਦੀਆਂ ਸਕੂਲਾਂ ਵਿਚ ਬੱਚਿਆਂ, ਅਧਿਆਪਕਾ, ਮਾਪਿਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾ ਅੱਜ ਘੱਟੋ—ਘੱਟਚਾਲੀ ਪਤੰਲੀ ਲੱਖਾਂ ਦੀ ਗਿਣਤੀ ਵਿਚ ਚੰਗੇ ਇਨਸਾਨ ਸਰੀਰਕ, ਮਾਨਸਿਕ, ਸਮਾਜਿਕ ਕੁਰੀਤੀਆਂ, ਬਿਮਾਰੀਆਂ ਤੋਂ ਮੁਕਤ ਕਰ ਚੰਗੇ ਇਨਸਾਨ ਬਨ ਪਰਿਵਾਰ, ਸਮਾਜ, ਦੇਸ਼ ਦੀ ਸਿਰਜਨਾ ਕਰਨ ਵਿਚ ਅਹਿਮ ਭੂਮਿਕਾ ਨਿਭਾ ਹਰ ਖੇਤਰ ਵਿਚ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਇਕ ਝੰਡੇ ਥੱਲੇ ਇਕੱਠੇ ਕਰ ਸਰਕਾਰ ਤੇ ਜਨਤਾ ਵਿਚ ਕੜੀ ਦਾ ਕੰਮ ਕਰ ਹਰ ਸਰਕਾਰ ਦੇ ਪ੍ਰੋਗਰਾਮਾਂ ਨੂੰ ਲੋਕਾਂ ਦੇ ਲੋਕਾਂ ਲਈ ਲੋਕਾਂ ਦੁਆਰਾ ਬਨਾ ਜਿਥੇ ਜੇਲਾਂ ਵਿਚ ਅਜਿਹੀ ਮੁਹਿੰਮ ਲੋਕ ਅਦਾਲਤਾਂ, ਮੈਡੀਕਲ ਕੈਂਪ, ਮਾਲੀ ਮੱਦਦ, ਜਾਗਰੂਕਤਾ ਖਾਸ ਤੌਰ ਤੇ ਨਸ਼ਿਆਂ, ਏਡਜ ਤੇ ਦੂਜੀਆਂ ਸਮਾਜਿਕ ਕੁਰੀਤੀਆਂ, ਮੋਬਾਇਲਾਂ ਆਦਿ ਦੀ ਦੁਰਵਰਤੋਂ ਕਰਨ ਵਿਚ ਮਾਨਯੋਗ ਸਮੇਂ—ਸਮੇਂ ਦੇ ਸੈਸ਼ਨ ਜੱਜ ਤੇ ਆਪਸੀ ਸਮਝੌਤਿਆਂ ਨਾਲ ਫ਼ਿਰੋਜ਼ਪੁਰ ਜੇਲ ਵਿਚ ਹਰ ਤਰ੍ਹਾਂ ਦੀ ਕੁਰੀਤੀ ਦੂਰ ਕਰ ਇਕ ਅਹਿਮ ਭੂਮਿਕਾ ਨਿਭਾਅ ਪ੍ਰਸੰਸਾ ਦਿਵਾਈ ਨਾਲ ਹੀ ਪ੍ਰਦੂਸ਼ਨ ਮੁਕਤ ਕਰਨ ਲਈ ਵਾਤਾਵਰਣ ਦੀ ਸੰਭਾਲ ਲੱਖਾਂ ਦੀ ਗਿਣਤੀ ਵਿਚ ਸਭ ਨੂੰ ਨਾਲ ਲੈ ਕੇ ਪੌਦੇ ਲਗਾ ਪ੍ਰਸੰਸਾ ਪੱਤਰ ਥੱਲੇ ਤੋਂ ਉਪਰ ਤੱਕ ਸਟੇਟ ਐਵਾਰਡ ਵਰਗੇ ਮਾਨ ਪ੍ਰਾਪਤ ਹਰ ਸਾਲ ਸੰਸਥਾ ਸਦਾਵਰਤ ਪੰਚਾਇਤੀ ਵੱਲੋਂ ਸਾਥੀਆਂ ਨਾਲ ਮਿਲ ਹਰ ਸ੍ਰੀ ਐਮ ਪ੍ਰਕਾਸ਼, ਡੀ.ਕੇ, ਰਜਨੀਸ਼ ਕਪੂਰ, ਮਦਨ ਲਾਲ, ਅਸ਼ਵਨੀ ਆਦਿ ਸਾਲ ਸੋ ਤੋਂ ਵੱਧ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਬੱਚਿਆਂ ਦੀਆਂ ਪੜ੍ਹਾਈ, ਕਪੜੇ ਰਾਸ਼ਨ ਕਿਤਾਬਾਂ ਫੀਸਾਂ ਆਦਿ ਦਿੰਦੇ ਹੋਏ ਅੱਜ ਉਨ੍ਹਾਂ ਨੂੰ ਪੈਰਾਂ ਤੇ ਖੜ੍ਹੇ ਕਰ ਚੰਗੇ ਨਾਗਰਿਕ ਬਨਾਉਣ ਵਿਚ ਯੋਗਦਾਨ ਪਾ ਰਹੇ ਹਨ, ਗਊਸ਼ਾਲਾਵਾਂ ਜਿਥੇ ਕੋਈ ਸਰਕਾਰੀ, ਅਰਧ ਸਰਕਾਰੀ ਦੀ ਮੱਦਦ ਦੀ ਕਮੀ ਉਨ੍ਹਾਂ ਵਿਚ ਬੇਸਹਾਰਾ ਬਿਮਾਰਾਂ ਦੀ ਦਿਨ ਰਾਤ ਹਰ ਤਰ੍ਹਾਂ ਦੀ ਮੱਦਦ ਹੋ ਰਹੀ ਹੈ, ਇਥੋਂ ਤੱਕ ਕਰੋਨਾ, ਫਲੱਡਾਂ ਹੋਰ ਕੁਦਰਤੀ, ਗੈਰ ਕੁਦਰਤੀ ਆਫਤਾਂ, ਆਮ ਹਾਲਾਤਾਂ ਵਿਚ ਹਰ ਰੋਜ਼ ਹਸਪਤਾਲ ਵਿਚ ਖਾਣ ਪੀਣ, ਦਵਾਈਆਂ, ਲੋੜਾਂ ਦੀਆਂ ਵਸਤਾਂ ਪਿਛਲੇ ਚਾਲੀ ਸਾਲਾਂ ਤੋਂ ਦਿੱਤੀਆਂ ਜਾ ਰਹੀਆਂ ਹਨ, ਹਰ ਮਰਗ ਭੋਗ ਰੋਜ਼ਾਨਾ 40 ਸਾਲਾਂ ਤੋਂ ਲਗਾਤਾਰ ਜਾਨਾ ਲੱਖਾਂ ਰੁਪਏ ਦੇ ਸੈਡ ਸਕੂਲਾਂ ਪ੍ਰਮਾਰਥ ਭਵਨਾਂ ਆਦਿ ਦੀ ਸੇਵਾ ਕਰਦੇ ਹੋਏ ਹਰ ਸਾਲ 2013 ਤੋਂ ਆਨ ਲਾਇਨ ਰਾਜਪਤੀ ਐਵਾਰਡ ਕੇਸ ਹਰ ਤਰ੍ਹਾਂ ਦੀ ਸ਼ਰਤ ਪੂਰੀ ਕਰਨ ਦੇ ਬਾਵਜੂਦ ਇਕੋ ਇਕ ਨੁਕਸ ਕੰਮ ਕੰਮ ਕੰਮ ਚਮ ਨਹੀਂ ਜਰ ਜ਼ੋਰੂ ਨਹੀਂ ਭਾਈ ਭਤੀਜਾ ਵਾਦ ਨਹੀਂ ਇਲਾਕਾਈ ਭਾਸ਼ਾਈ ਦਾਇਰੇ ਵਰਗ ਤੋਂ ਨਾਲ ਹੀ ਵੋਟਾਂ ਦੀ ਰਾਜਨੀਤੀ ਤੇ ਕੁਫਰ ਦੀ ਦੁਕਾਨ ਜ਼ੋ ਥੱਲੇ ਤੋਂ ਲੈ ਕੇ ਉਪਰ ਤੱਕ ਇਨ੍ਹਾਂ ਵਾਰਡਾਂ ਦੀ ਚੋਨ ਵਿਚ ਚੱਲ ਰਹੀ ਹੈ, ਇਸ ਸਾਲ ਵੀ ਉਸੇ ਦਾ ਸ਼ਿਕਾਰ, ਜਿਸ ਦੇ ਲਈ ਇਕੋ ਇਕ ਮੰਗ ਨਿਰਪੱਖ ਪੜਤਾਲ ਹੋਏ ਘੋਟਾਲਿਆਂ ਜ਼ੋ ਆਰ.ਟੀ.ਆਈ ਰਾਹੀਂ ਮਿਲੀ ਸੂਚਨਾ ਦੇ ਆਧਾਰ ਤੇ ਜ਼ੋ ਸਰਕਾਰਾਂ ਨੂੰ ਪਹਿਲਾਂ ਅਨੇਕਾਂ ਵਾਰ ਲਿਖਤੀ ਜੁਬਾਨੀ ਪ੍ਰੈਸ ਰਾਹੀਂ ਭੇਜ਼ ਉਜਾਰ ਕਰਦਿਆਂ ਪਰ ਸਰਕਾਰ ਇਕੋ ਇਕ ਵੋਟਾਂ ਦੀ ਰਾਜਨੀਤੀ ਜ਼ੋ ਨਿੱਤ ਅਖਬਾਰਾਂ ਵਿਚ ਰਾਜਨੀਤੀਕਾਂ ਨੂੰ ਭਾਰਤ ਰਤਨ, ਅਰਜਨ ਐਵਾਰਡ ਦੇ ਕੇ ਸ਼ਹੀਦਾਂ ਤੇ ਪਰਮ ਸ਼ਹੀਦਾਂ ਦਾ ਅਪਮਾਨ ਕੀਤਾ ਹੈ।